# ਇੰਗਲੈਂਡ ਅੰਕ

**WATNO DUR**
MARCH/APRIL, 1980

P.O. Box 67681 Stn. 'O'
Vancouver, B.C. V5W 3V2

# ਵਤਨੋਂ ਦੂਰ



# PABLA

## Supermarket Ltd.

## 6596 Main St.

## PH: 321-0662—327-1888

## Specialists in East Indian Groceries

**ਭਾਰਤੀ ਗਰਾਸਰੀ ਦੀ ਇਕ ਨਵੀਂ ਦੁਕਾਨ**

ਜਿਥੋਂ ਤੁਸੀਂ ਹਰ ਤਰਾਂ ਦੀ ਭਾਰਤੀ ਗਰਾਸਰੀ, ਵਧੀਆ
ਅਤੇ ਤਾਜ਼ੀਆਂ ਸ਼ਬਜ਼ੀਆਂ ਖਰੀਦ ਸਕਦੇ ਹੋ, ਵਧੀਆ ਮਾਲ–ਘਟ
ਕੀਮਤਾਂ ਅਤੇ ਚੰਗੇਰੀ ਸੇਵਾ, ਸਾਡਾ ਮੁਖ ਉਦੇਸ਼ ਹੈ।

**WE ARE OPEN 7 DAYS A WEEK**

**- YOU ARE ALWAYS WELCOME HERE -**



**ਸਪੈਸ਼ਲ**

ਪਾਬਲਾ ਬਰਾਂਡ ਤੰਦੂਰੀ ਚਿਕਨ
ਪਾਬਲਾ ਬਰਾਂਡ ਮਠਿਆਈ

ਵਿਆਹ ਸ਼ਾਦੀਆਂ ਜਾਂ ਪਾਰਟੀ
ਲਈ ਖਾਣੇ ਦੀ ਜ਼ੁੰਮੇਵਾਰੀ
ਸਾਡੇ ਸਿਰ ਪਾਵੋ



ਕੇਵਲ ਸਿੰਘ ਪਾਬਲਾ
ਭਾਰਤੀ ਮਠਿਆਈਆਂ ਤੇ ਭਾਰਤੀ ਖਾਣਿਆਂ ਦੇ ਮਾਹਰ

ਸਾਡੀਆਂ ਵਾਜਬ ਕੀਮਤਾਂ ਤੋਂ ਫਾਇਦਾ ਉਠਾਓ !

ਜਗਮੋਹਨ ਸਿੰਘ ਪਾਬਲਾ
ਭਾਰਤੀ ਖਾਣਿਆਂ ਦੇ ਮਾਸਟਰ

# ਮਠਿਆਈ ਦੀਆਂ ਭਾਰੀ ਦੁਕਾਨਾਂ

# HIMALAYA RESTAURANT LTD.

2313 MAIN ST.
PH. : 876-2911

## Vancouver, B.C

LICENSED PERMISES

6595 MAIN ST.,
PH. :324-6514

LITERARY & CULTURAL
MONTHLY OF PANJABI

# THE WATNO DŪR

P.O.Box 67681 Stn 'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਮਾਸਕ-ਪੱਤਰ

ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

**VOL. 8, NO. 79, MARCH/APRIL 1980**

2nd Class Mail Reg. No. 3233 | ANNUAL SUBSCRIPTION: Canada-U.S.A. $6.00 | Other Countries SEA $6.00 AIR $9.00

**EDITOR:**
Sadhu, 437-9014

**ADVERTISING EDITOR:**
Karamjit Ghuman, 321-6081

**CIRCULATION EDITORS:**
Amarjit Chahal, 892-3085
Sarwan Boal, 437-0849

**MANAGING EDITOR:**
Paul Binning, 879-3339

**ADVISER:**
Ajmer Rodey, 438-7793

**WATNO DUR REPRESENTATIVES:**
Surinder Dhanjal, 253-9711 (Windsor)
Raghbir Mand, 325-9564 Vancouver
Iqbal Ramuwalia,
Gurcharan Tallewalia, Richmond (271-4742)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423

Surinder Kailay
P.O. Box Ramgarh
Distt. Ludkiana — 141113
Punjab, India

Jasbir Bath
19 Summertrees Ave. L4920D
Greasby Merseyside
Liverpool, England

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

## ਇਸ ਅੰਕ ਵਿਚ :-

**ਕਹਾਣੀ :-**
ਦਰਸ਼ਨ ਧੀਰ, ਪ੍ਰੀਤਮ ਸਿੱਧੂ
ਗੁਰਚਰਨ ਦੋਸਾਂਝ, ਚਰਨਜੀਤ ਕੌਰ ਸੰਘੇੜਾ

**ਕਵਿਤਾ :-**
ਹਰਜੀਤ ਦੌਧਰੀਆ, ਸੰਤੋਖ ਸਿੰਘ ਸੰਤੋਖ
ਜਸਬੀਰ ਧਾਰ, ਮਨਹਰ ਤਿਰਮਨੀ
ਗੁਰਚਰਨ ਦੋਸਾਂਝ, ਗੁਰਨਾਮ ਗਿੱਲ,
ਕ੍ਰਿਪਾਲ ਸਿੰਘ ਪੂਨੀ, ਮਹਿੰਦਰ ਗਿੱਲ
ਪ੍ਰਕਾਸ਼ ਸੱਸ, ਸਰਵਣ ਸਿੰਘ ਅਮੋਲਕ
ਚਰਨਜੀਤ ਸਿੰਘ ਸੰਘੇੜਾ

**ਲੇਖ :-**
ਸਾਥੀ ਲੁਧਿਆਣਵੀ

---

ਆਲੋਚਨਾ ਦੀ ਆਲੋਚਨਾ
— ਅਜਮੇਰ ਰੋਡੇ

**ਰੀਪੋਰਟ :** - ਸਾਧੂ

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

# ਐਡੀਟੋਰੀਅਲ

ਪਰਵਾਸੀ ਪੰਜਾਬੀਆਂ ਨੇ ਪੰਜਾਬ ਦੀ ਆਰਥਿਕਤਾ ਉਪਰ ਤਾਂ ਆਪਣਾ ਅਸਰ ਪਾਇਆ ਹੀ ਹੈ ਇਸ ਦੇ ਨਾਲ ਨਾਲ ਜੀਵਨ ਦੇ ਹੋਰ ਪੱਖਾਂ ਵਿਚ ਵੀ ਉਹਨਾਂ ਆਪਣੀ ਹੋਂਦ ਦਾ ਅਹਿਸਾਸ ਕਰਵਾਇਆ ਹੈ। ਖਾਸ ਕਰ ਸਾਹਿਤ ਦੇ ਪਿੜ ਵਿਚ। ਬਾਹਰਲੇ ਪੰਜਾਬੀ ਸਾਹਿਤ ਵਿਚ ਇੰਗਲੈਂਡ ਦੇ ਪੰਜਾਬੀਆਂ ਦੀ ਸਾਹਿਤਕ ਦੇਣ ਬਾਕੀਆਂ ਨਾਲੋਂ ਉੱਚੀ ਹੈ ਤੇ ਇਹ ਹੈ ਵੀ ਕੁਦਰਤੀ ਗੱਲ, ਕਿਉਂਕਿ ਬਾਹਰਲੇ ਪੰਜਾਬੀਆਂ ਦੀ ਬਹੁ ਗਿਣਤੀ ਇੰਗਲੈਂਡ ਵਿਚ ਹੈ।

ਬਾਹਰਲੇ ਪੰਜਾਬੀ ਸਾਹਿਤਕਾਰਾਂ ਤੇ, ਖਾਸ ਕਰ ਇੰਗਲੈਂਡ ਵਸਣ ਵਾਲਿਆਂ ਉਪਰ ਇਕ ਇਲਜ਼ਾਮ ਲਗਦਾ ਰਿਹਾ ਹੈ ਕਿ ਇਹ ਪੈਸਿਆਂ ਦੇ ਜ਼ੋਰ ਸਾਹਿਤਕ ਪਿੜ ਵਿਚ ਵੜੇ ਹਨ ਤੇ ਇਸ ਜ਼ੋਰ ਆਪਣੀ ਹੋਂਦ ਕਾਇਮ ਰੱਖ ਰਹੇ ਹਨ। ਸ਼ਾਇਦ ਇਕਾ ਦੁਕਾ ਵਿਅਕਤੀਆਂ ਦੇ ਮਾਮਲੇ ਵਿਚ ਇਹ ਗੱਲ ਠੀਕ ਹੋਵੇ ਪਰ ਇਹ ਹਰ ਕਿਸੇ ਤੇ ਲਾਗੂ ਨਹੀਂ ਕੀਤੀ ਜਾ ਸਕਦੀ। ਉਂਜ ਪੈਸੇ ਦੇ ਜ਼ੋਰ ਛੱਪਣ ਵਾਲੇ ਤੇ ਆਪਣੀ ਵਾਹ ਵਾਹ ਕਰਵਾਉਣ ਵਾਲੇ ਸਾਹਿਤਕਾਰਾਂ ਦੀ ਪੰਜਾਬ ਵਿਚ ਵੀ ਕੋਈ ਕਮੀ ਨਹੀਂ। ਪਰ ਸਚਾਈ ਇਹ ਹੈ ਕਿ ਸਾਹਿਤ ਵਰਗੇ ਪਿੜ ਵਿਚ ਕੋਈ ਮੱਲ ਮਾਰਨ ਲਈ ਪੈਸਾ ਕਿਸੇ ਹੱਦ ਤੱਕ ਸਹਾਈ ਹੋ ਸਕਦਾ ਹੈ। ਇੰਗਲੈਂਡ ਦਾ ਪੰਜਾਬੀ ਸਾਹਿਤ ਜਿੰਨੀਆਂ ਉਚਾਈਆਂ ਵੱਲ ਵੱਧ ਰਿਹਾ ਹੈ ਇਸ ਦਾ ਕਾਰਨ ਪੈਸੇ ਦਾ ਜ਼ੋਰ ਨਹੀਂ ਸਗੋਂ ਰਚੇ ਜਾਂਦੇ ਸਾਹਿਤ ਦੀ ਆਪਣੀ ਤਾਕਤ ਹੈ।

ਵਤਨੋਂ ਦੂਰ ਦੇ ਇਸ ਅੰਕ ਵਿਚ ਅਸੀਂ ਉਹ ਹੀ ਲੇਖਕ ਸ਼ਾਮਲ ਕੀਤੇ ਹਨ ਜਿਨ੍ਹਾਂ ਨੇ ਸਾਡੀ ਆਵਾਜ਼ ਦਾ ਹੁੰਗਾਰਾ ਭਰਿਆ ਹੈ। ਗਿਣਤੀ ਦੇ ਪੱਖੋਂ ਅਸੀਂ ਸ਼ਾਇਦ ਇੰਨੇ ਲੇਖਕ ਨਹੀਂ ਪੇਸ਼ ਕਰ ਸਕੇ ਪਰ ਇੰਨਿਆਂ ਵਿਚ ਹੀ ਮੌਜੂਦਾ ਇੰਗਲੈਂਡ ਵਿਚ ਰਚੇ ਜਾਂਦੇ ਪੰਜਾਬੀ ਸਾਹਿਤ ਦੀ ਇਕ ਪੂਰਨ ਤਸਵੀਰ ਨਜ਼ਰ ਆਉਂਦੀ ਹੈ। ਇਸ ਤਸਵੀਰ ਨੂੰ ਕੋਈ ਕਿਵੇਂ ਦੇਖਣਾ ਚਾਹੁੰਦਾ ਹੈ ਇਹ ਅਸੀਂ ਪਾਠਕਾਂ ਤੇ ਹੀ ਛੱਡਦੇ ਹਾਂ।

ਇਸ ਅੰਕ ਵਿਚ ਛਪੀਆਂ ਰਚਨਾਵਾਂ ਬਾਰੇ ਸਾਡੀ ਸੰਖੇਪ ਵਿਚ ਰਾਏ ਹੈ ਕਿ ਇੰਗਲੈਂਡ ਦੇ ਬਹੁਤ ਲੇਖਕਾਂ ਕੋਲ ਕਹਿਣ ਨੂੰ ਕੁੱਝ ਹੈ, ਤੇ ਉਹ 'ਕੁੱਝ' ਉਹਨਾਂ ਦੀਆਂ ਨਜ਼ਰਾਂ 'ਚ ਬੰਦ ਹੋਏ ਪ੍ਰਕਾਸ਼ 'ਚ ਆਈਆਂ ਬੰਦ ਬਾਰੀਆਂ ਨਹੀਂ, ਸਗੋਂ ਲੋਕਾਂ ਦੇ ਜੀਵਨ ਬਾਰੇ ਹੈ। ਜਿਵੇਂ ਦਰਸ਼ਨ ਧੀਰ ਤੇ ਪ੍ਰੀਤਮ ਸਿੱਧੂ ਦੀਆਂ ਕਹਾਣੀਆਂ ਤੋਂ ਜ਼ਾਹਿਰ ਹੈ ਕਿ ਲੇਖਕ ਆਪਣੇ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਤੋਂ ਪੂਰੀ ਤਰ੍ਹਾਂ ਚੇਤੰਨ ਹਨ।

ਇਹਨਾਂ ਰਚਨਾਵਾਂ ਚੋਂ ਬਹੁਤੀਆਂ ਰਚਨਾਵਾਂ ਵਿਚ ਪਾਠਕ ਨੂੰ ਇੰਗਲੈਂਡ ਵਸਦੇ ਪੰਜਾਬੀਆਂ ਦੇ ਜੀਵਨ ਦੀ ਇਕ ਕਲਾਤਮਕ ਤਸਵੀਰ ਦਿਸਦੀ ਹੈ। ਜਿਹੜੀ ਰਚਨਾ ਲੋਕਾਂ ਦੇ ਜੀਵਨ ਦੀਆਂ ਗਮੀਆਂ, ਖੁਸ਼ੀਆਂ ਉਹਨਾਂ ਦੀਆਂ ਚਿੰਤਾਵਾਂ, ਉਹਨਾਂ ਅੰਦਰ ਛੁਪੀ ਸੁੰਦਰਤਾ ਤੇ ਕੋਝ ਨੂੰ ਨੰਗਾ ਕਰਕੇ ਪਾਠਕ ਨੂੰ ਦਰਸਾ ਸਕੇ ਉਹ ਰਚਨਾ ਸਫਲ ਹੀ ਗਿਣੀ ਜਾਣੀ ਚਾਹੀਦੀ ਹੈ। ਇਸ ਨਜ਼ਰੋ ਦੇਖਿਆਂ ਇਸ ਅੰਕ ਦੀਆਂ ਬਹੁਤੀਆਂ ਰਚਨਾਵਾਂ ਸਫਲ ਰਚਨਾਵਾਂ ਹਨ।

**- ਸਾਧੂ**

---

ਸਾਨੂੰ ਅਫ਼ਸੋਸ ਹੈ ਕਿ ਕੁੱਝ ਰਚਨਾਵਾਂ ਦੀ ਛਪਾਈ ਇੰਨੀ ਚੰਗੀ ਨਹੀਂ, ਕੁੱਝ ਅੱਧੀ ਟਾਈਪ ਤੇ ਅੱਧੀ ਹੱਥ ਲਿਖਤ ਹੈ ਤੇ ਇਸ ਤਰ੍ਹਾਂ ਦੀਆਂ ਹੋਰ ਵੀ ਕਈ ਤਰੁੱਟੀਆਂ ਹਨ। ਪ੍ਰੈਸ ਦੀ ਅਣਹੋਂਦ ਕਾਰਨ ਅਸੀਂ ਬੇਵੱਸ ਹਾਂ। ਪਰਚਾ ਲੇਟ ਹੋਣ ਦਾ ਵੀ ਇਸ ਵਾਰ ਇਹੋ ਕਾਰਨ ਹੈ। ਇਸ ਸਭ ਕਾਸੇ ਲਈ ਅਸੀਂ ਫੇਰ ਵੀ ਲੇਖਕਾਂ ਤੇ ਪਾਠਕਾਂ ਤੋਂ ਮੁਆਫ਼ੀ ਮੰਗਦੇ ਹਾਂ।

ਇਸ ਅੰਕ ਲਈ ਉਂਜ ਤਾਂ ਸਾਨੂੰ ਬਹੁਤ ਸਾਰੇ ਲੇਖਕਾਂ ਨੇ ਸਹਿਯੋਗ ਦਿੱਤਾ ਹੈ ਪਰ ਜਸਬੀਰ ਬਾਠ, ਦਰਸ਼ਨ ਧੀਰ, ਸੰਤੋਖ ਸਿੰਘ ਸੰਤੋਖ ਤੇ ਗੁਰਨਾਮ ਗਿੱਲ ਦੇ ਅਸੀਂ ਖਾਸ ਧੰਨਵਾਦੀ ਹਨ। ਹਰਜੀਤ ਦੌਧਰੀਆ ਹੋਰਾਂ ਵਲੋਂ ਸਾਨੂੰ ਹਮੇਸ਼ਾ ਹਰ ਤਰ੍ਹਾਂ ਸਹਿਯੋਗ ਮਿਲਦਾ ਹੈ, ਕਈ ਮੁਸ਼ਕਲਾਂ ਦੇ ਬਾਵਜੂਦ ਵੀ ਸੈਂਟਰ ਪੇਜ ਕਰਵਾਉਣ ਲਈ ਸਾਡਾ ਸਹਿਯੋਗੀ ਸੁਰਿੰਦਰ ਢੇਸੀ ਵੀ ਵਧਾਈ ਦਾ ਹੱਕਦਾਰ ਹੈ।

---




ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ ਛੇ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।
* ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

_ _ _ _ _ _ _ _ _ _ _ _
_ _ _ _ _ _ _ _ _ _ _ _
_ _ _ _ _ _ _ _ _ _ _ _
_ _ _ _ _ _ _ _ _ _ _ _

**ਜੇਕਰ ਤੁਹਾਡਾ ਪਤਾ ਬਦਲੇ**

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿੱਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ।

ਕਹਾਣੀ

# ਰਾਖੇ

(ਸ਼ਹੀਦ ਬਲੇਅਰ ਪੀਚ ਦੇ ਨਾਂ)

ਦਰਸ਼ਨ ਸਿੰਘ 'ਧੀਰ'

ਚਿੰਤਾ ਨਪੀੜੇ ਪ੍ਰੋਫੈਸਰ ਰਾਈਟ ਦੀ ਅੱਖ ਲੱਗੀ ਹੀ ਸੀ ਕਿ ਉਹਦੀਆਂ ਅੱਖਾਂ ਅੱਗੇ ਘੂਕ ਸੁਤੇ ਨੀਗਰੋ ਦਾ ਲਾਟੀਂ ਬਲਦਾ ਘਰ ਆ ਖਲੋਤਾ। ਘਰ ਨੂੰ ਅੱਗ ਅਜ਼ਗਰ ਵਾਂਗ ਨਿਗਲੀ ਜਾ ਰਹੀ ਸੀ ਤੇ ਉਹ ਆਪਣੀ ਪਤਨੀ ਤੇ ਨਿਕੇ ਜਿਹੇ ਬਾਲ ਨਾਲ ਬੇਖਬਰ ਸੁਤਾ ਪਿਆ ਸੀ। ਪ੍ਰੋ. ਰਾਈਟ ਨੀਂਦ 'ਚ ਹੀ ਝੁੰਝਲਾਇਆ, ਜਿਸ ਨਾਲ ਉਹ ਦ੍ਰਿਸ਼ ਕੰਬ ਗਿਆ ਕੰਬਦਾ ਰਿਹਾ ਤੇ ਸਹਿਜੇ ਸਹਿਜੇ ਉਹ ਘਰ ਉਹਦੇ ਆਪਣੇ ਘਰ 'ਚ ਬਦਲ ਗਿਆ। ਇਸ ਨੂੰ ਤਕਦਾ ਹੀ ਉਹ ਤ੍ਰਭੱਕ ਕੇ ਉਠ ਬੈਠਾ।

ਬੌਂਦਲੇ ਜਿਹੇ ਪ੍ਰੋ. ਨੇ ਅੱਖਾਂ ਮਲਦਿਆਂ ਹਨੇਰੇ 'ਚ ਹੀ ਇਧਰ ਉਧਰ ਤਕਿਆ। ਉਹਦਾ ਕਮਰਾ ਸਹੀ ਸਲਾਮਤ ਸੀ। ਸਾਫ ਸੀ ਕਿ ਉਹਦੇ ਘਰ ਦਾ ਵੀ ਕਖ ਨਹੀਂ ਸੀ ਵਿਗੜਿਆ ਕੁਤੇ-ਹੌਂਕਣੀ ਚਲਦਾ ਉਹਦਾ ਸਾਹ ਰਵਾ-ਰਵੀ ਚਲਣ ਲਗਾ, ਤਾਂ ਉਸ ਨਾਲ ਪਈ ਆਪਣੀ ਪੈਲ ਨੂੰ ਹੌਲੀ ਹੌਲੀ ਟੂਹ ਕੇ ਦੇਖਿਆ। ਉਹ ਅਰਾਮ ਨਾਲ ਪਈ ਹੋਈ ਸੀ। ਉਹਨੂੰ ਸੁੱਖੀ ਸਾਂਦੀ ਵੇਖ ਉਸ ਰੱਬ ਦਾ ਸ਼ੁਕਰ ਕੀਤਾ। ਇਕ ਲੰਮਾ ਸਾਹ ਲਿਆ ਤੇ ਬੜੀ ਸਾਵਧਾਨੀ ਨਾਲ ਮੰਜੇ ਤੋਂ ਹੌਲੀ ਹੌਲੀ ਲੱਤਾਂ ਸਰਕਾ ਹੇਠਾਂ ਉਤਰ ਗਿਆ। ਪੈਰੀਂ ਸਲੀਪਰ ਪਾਏ, ਤਖਤੇ ਦੀ ਹੁੱਕ ਨਾਲੋਂ ਗਾਉਨ ਲਾਹ ਗਲ ਪਾਇਆ, ਉਹਦੀ ਰੇਸ਼ਮੀ ਡੋਰ ਲੱਕ ਦੁਆਲੇ ਘੁੱਟ ਕੇ ਬੰਨੀ ਤੇ ਪੱਬਾਂ ਭਾਰ ਤੁਰਦਾ ਬੂਹੇ ਅੱਗੇ ਜਾ ਖੜੋਤਾ। ਅਤਿ ਸਾਵਧਾਨੀ ਨਾਲ ਬੂਹਾ ਖੋਲਿਆ ਤੇ ਮਲਕੜੇ ਜਿਹੇ ਦਰਵਾਜਿਓਂ ਬਾਹਰ ਹੋ ਗਿਆ। ਉਂਜ ਦੀ ਉਂਜ ਪੈਰਾਂ ਨੂੰ ਬੋਚ ਬੋਚ ਰਖਦਾ ਉਹ ਆਪਣੇ ਦਿਲ-ਟੋਟੇ-ਹੈਰੀ-ਦੇ ਕਮਰੇ ਦੇ ਦਰਵਾਜੇ ਅੱਗੇ ਜਾ ਖਲੋਤਾ ਤੇ ਤਖਤੇ ਨਾਲ ਕੰਨ ਲਾਕੇ ਉਹਦੇ, ਚਲਦੇ, ਸਾਹਾਂ ਦੀ ਅਵਾਜ਼ ਸੁਣਨ ਲਗ ਪਿਆ। ਉਹਦੇ ਸਾਹਾਂ ਦੀ ਅਵਾਜ ਉਹਦੇ ਕੰਨੀ ਨਾਂ ਪਈ, ਤਾਂ ਘਬਰਾਏ ਜਿਹੇ ਨੇ ਫਟਾ ਫੱਟ ਤਖਤੇ ਦੀ ਹੁੱਕ ਨੂੰ ਸੱਜੇ ਪਾਸੇ ਮਰੋੜਣ ਦੀ ਕੀਤੀ ਤਖਤਾ ਉਹਦੇ ਲਈ ਰਾਹ ਛਡ ਇਕ ਪਾਸੇ ਲੱਗ ਗਿਆ, ਤਾਂ ਉਹ ਡਡਿਆ ਕੇ ਹੈਰੀ ਦੇ ਮੰਜੇ ਦੀ ਪੁਆਂਦੀ ਜਾ ਖਲੋਤਾ ਤੇ ਅੱਖ ਪਲਕਾਰੇ 'ਚ ਉਹਦੇ ਪੈਰਾਂ ਤੋਂ ਰਜਾਈ ਚੁੱਕ ਉਹਦੀ ਹੋਂਦ ਨੂੰ ਨਿਹਾਰਨ ਲਗ ਪਿਆ। ਸੰਸਾਰ ਵਲੋਂ ਬੇਚਿੰਤ ਸੁਤਾ ਵੇਖ ਉਹਦਾ ਧੱਕ-ਧੱਕ ਕਰਦਾ ਦਿਲ ਰਵਾਂ-ਰਵੀਂ ਧੜਕਣ ਲਗ ਪਿਆ। ਪ੍ਰੋ. ਰਾਈਟ ਹੈਰਾਨ ਪਰੇਸ਼ਾਨ ਜਿਹਾ ਹੋਇਆ ਕੁਝ ਚਿਰ ਉਸੇ ਤਰ੍ਹਾਂ ਉਹਦੇ ਵਲ ਵੇਖਦਾ, ਜਿਵੇਂ ਉਹਨੂੰ ਇਸ ਸਭ ਕਾਸੇ ਦੀ ਸਮਝ ਨਾ ਪੈ ਰਹੀ ਹੋਵੇ। ਅੰਤ ਉਹ ਉਹਦੇ ਨੰਗੇ ਪੈਰਾਂ ਤੇ ਰਜਾਈ ਦੇ ਕੇ ਤੇ ਦਰਵਾਜਾ ਢੋਹਕੇ ਹੌਲੀ ਹੌਲੀ ਤੁਰਦਾ ਆਪਣੇ ਕਮਰੇ 'ਚ ਆ ਗਿਆ। ਗਾਉਨ ਲਾਹ ਕੇ ਹੁਕ ਨਾਲ ਟੰਗਿਆ ਤੇ ਸਾਹ ਰੋਕੀ ਆਪਣੇ ਮੰਜੇ ਦੀ ਬਾਹੀ ਤੇ ਆ ਬੈਠਾ। ਪੈਰਾਂ ਚੋਂ ਸਲੀਪਰ ਸਰਕਾਏ ਤੇ ਬਾਹਾਂ ਭਾਰ ਸਿਰ ਦਾ ਬਿਸਤਰੇ 'ਚ ਜਾ ਵੜਿਆ, ਤਾਂ ਕਿ ਐਨ ਦੀ ਨੀਂਦ 'ਚ ਕਲ ਨਾ ਪੈ ਜਾਵੇ।

"ਡੀਅਰ ਕੀ ਗੱਲ ਐ, ਬੜੇ ਪਰੇਸ਼ਾਨ ਜਾਪਦੇ ਹੋ?" ਉਹ ਬਿਸਤਰੇ 'ਚ ਰੁਖ ਸਿਰ ਹੋਕੇ ਪਿਆ ਤਾਂ ਐਨ ਨੇ ਉਹਦੀ ਛਾਤੀ ਤੇ ਹੱਥ ਰਖਦਿਆਂ ਪੁਛਿਆ।

'ਕੋਈ ਖਾਸ ਗੱਲ ਨਹੀਂ, ਐਵੇਂ......" ਘਬਰਾਏ ਪ੍ਰੋ. ਤੋਂ ਵਾਕ ਪੂਰਾ ਨਾ ਹੋਇਆ। ਕਿਉਂਕਿ ਹਰ ਗੱਲ ਉਹਦੀ ਆਸ ਦੇ ਉਲਟ ਹੋ ਰਹੀ ਸੀ।

"ਖਾਸ ਗੱਲ ਨਈਂ। ਤੁਸੀਂ ਤਾਂ ਬਿਸਤਰੇ 'ਚ ਵੜਦੇ ਪਿਛੋਂ ਸੌਂ ਪਹਿਲਾਂ ਜਾਇਆ ਕਰਦੇ ਸਾਓ ਤੇ ਅਜ...

"ਹਾਂ, ਡਾਰਲਿੰਗ। ਪਰੇਸ਼ਾਨ ਹੀ ਹਾਂ। ਵਾਤਾਵਰਨ ਐਨਾ ਜਹਿਰੀ ਹੋ ਗਿਐ ਕਿ ਸਾਹ ਲੈਣਾ ਵੀ ਔਖਾ ਹੋ ਗਿਐ" ਤੇ ਇਸ ਬਿਸਤਰੇ ਚੋਂ ਉਠ ਕਮਰੇ ਦੀ ਖੁਲ੍ਹੀ ਬਾਰੀ ਹੋਰ ਖੋਲ ਦਿਤੀ, ਤਾਂ ਕਿ ਧੁਪ ਹਵਾ ਆ ਸਕੇ।

"ਪਿਆਰੇ ਤੁਸੀਂ ਐਵੀਂ ਦੁਖੀ ਹੋ ਰਹੇ ਹੋ। ਕਿਤੇ ਨਈਂ ਪਹਾੜ ਢਹਿਣ ਲਗਾ। ਦਿਲੋਂ ਸਾਰੀ ਚਿੰਤਾ ਪੂੰਝ ਲਾਹੋ ਤੇ 'ਰਾਮ ਨਾਲ ਸੌਂ ਜਾਉ। ਔਧਰ ਦੇਖੋ ਸਾਰੀ ਦੁਨੀਆ ਅਮਨ-ਚੈਨ ਨਾਲ ਸੁਤੀ ਪਈ ਐ।"

"ਐਨੀ! ਇਹੀ ਤਾਂ ਚੇਤਨ ਆਦਮੀ ਦੀ ਟਰੈਜਿਡੀ ਐ ਕਿ ਉਹ ਸਥਿਤੀ ਵਲੋਂ ਅੱਖਾਂ ਮੀਟ ਸੌਂ ਨਹੀਂ ਸਕਦਾ, ਜਿਸ ਸਥਿਤੀ 'ਚ ਕੁਝ ਵੀ ਸੇਫ ਨਾ ਹੋਵੇ।" ਉਸ ਲੰਮਾ ਹਉਕਾ ਲੈਂਦਿਆਂ ਕਿਹਾ।

"ਹੂਅ...," ਤੇ ਐਨ ਕੁਝ ਸੋਚ ਕੇ ਕਹਿਣ ਲਗੀ 'ਮੈਨੂੰ ਇਸ ਗਲ ਦੀ ਉਕਾ ਸਮਝ ਨਹੀਂ ਆ ਰਹੀ ਕਿ ਚਹੁੰ ਚਹੁੰ ਭੜਕਾਊ ਸਪੀਚਾਂ ਤੇ ਨਾਹਰਿਆਂ ਨਾਲ ਲੋਕ ਕਿਦਾਂ ਮੂਰਖ ਬਣ ਜਾਂਦੇ ਹਨ।"

"ਐਨੀ! ਨਾਜ਼ੀ ਕੁਤੇ ਇਹ ਜਾਣਦੇ ਹਨ ਕਿ ਸਾਇੰਸ ਦੇ ਯੁਗ 'ਚ ਵੀ ਸਾਧਾਰਨ ਬੁਧੀ ਵਾਲਾ ਆਦਮੀ ਨਸਲ, ਧਰਮ, ਸੰਸਕ੍ਰਿਤੀ, ਦੇਸ ਆਦਿ ਨੂੰ ਖਤਰਾ ਹੈ' ਦੇ ਨਾਂ ਤੇ ਅੱਗ ਬਬੋਲਾ ਹੋ ਜਾਂਦਾ ਹੈ। ਇਸ ਲਈ ਅੰਗਰੇਜ਼ ਨਾਜੀਆਂ ਵੀ ਲੋਕਾਂ ਦੀ ਇਸ ਕਮਜੋਰ ਨਾੜ 'ਤੇ ਉਂਗਲ ਰਖ ਆਪਣੇ ਮਨੋਰਥ ਦੀ ਸਿੱਧੀ ਕਰਨੀ ਚਾਹੀ ਹੈ।" ਉਹ ਰਤਾ ਕੁ ਅਟਕ ਤੇ ਹਉਕਾ ਲੈ ਕੇ ਫਿਰ ਕਹਿਣ ਲੱਗਾ, "ਸਭ ਨਾਲੋਂ ਭਿਆਨਕ ਗੱਲ ਇਹ ਹੋ ਰਹੀ ਹੈ ਕਿ ਉਨ੍ਹਾਂ ਦੀ ਫੈਲਾਈ ਇਹ ਜ਼ਹਿਰ ਪਾਲੀਟੈਕਨਿਕ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਬਾਲਕ-ਚੇਤਨ ਵਿਦਿਆਰਥੀਆਂ 'ਚ ਵੀ ਘਰ ਕਰ ਰਹੀ ਹੈ। ਅੱਜ

ਸਵੇਰੇ ਜਦ ਮੈਂ ਆਪਣੇ ਕਲਾਸ ਰੂਮ 'ਚ ਗਿਆ, ਤਾਂ ਮੈਨੂੰ ਇੰਜ ਲੱਗਾ, ਜਿਵੇਂ ਮੈਂ ਇਕ ਭਿਆਨਕ ਸੁਫਣਾ ਵੇਖ ਰਿਹਾ ਹੋਵਾਂ। ਬਲੈਕ ਬੋਰਡ ਤੋਂ ਰਤਾ ਕੁ ਉਤਾਂਹ ਕਰ ਕੇ ਚਿਪਕਾਇਆ ਇਕ ਪੋਸਟਰ ਉੱਚੀ ਉੱਚੀ ਨਾਹਰੇ ਲਾ ਰਿਹਾ ਸੀ : ਦੋਸਤੋ ! ਤੁਹਾਡੇ ਦੇਸ ਦੇ ਚੰਨ ਚਿਹਰੇ 'ਤੇ ਤਦ ਤੱਕ ਆਬ ਆ ਹੀ ਨਹੀਂ ਸਕਦੀ, ਜਦ ਤੱਕ ਇਹ ਕਾਲੇ ਪੇਟੂ ਤੁਹਾਡੇ ਦੇਸ 'ਚ ਹਨ। ਸੰਸਾਰ ਦੇ ਸਭ ਨਾਲੋਂ ਤੁਹਾਡੇ ਖੁਸ਼ਹਾਲ ਦੇਸ ਨੂੰ ਇਨ੍ਹਾਂ ਕਾਲੀਆਂ ਅਸਰਾਲਾਂ ਚੱਟ ਪੂੰਝ ਕੇ ਕੰਗਾਲ ਕਰ ਦਿੱਤਾ ਹੈ।' ਇਹਦੇ ਸੱਜੇ ਪਾਸੇ ਇਕ ਹੋਰ ਪੋਸਟਰ ਅੱਗ ਵਰ੍ਹਾ ਰਿਹਾ ਸੀ: 'ਦੇਸ ਦੇ ਲਾਡਲਿਓ ! ਦੇਸ 'ਚੋਂ ਕਾਲੇ ਗੰਦ ਨੂੰ ਭਜਾਉਣ ਲਈ ਕਮਰ-ਕੱਸੇ ਕਰ ਲਵੋ, ਤਾਂ ਕਿ ਤੁਹਾਡੇ ਚੰਨ ਵਰਗੇ ਦੇਸ ਦੇ ਚਿਹਰੇ ਤੋਂ ਕਾਲੇ ਧੱਬੇ ਮਿਟ ਸਕਣ।' ਇਹਦੇ ਖੱਬੇ ਪਾਸੇ ਇਕ ਹੋਰ ਗੰਦੇ ਆਂਡੇ ਦਾ ਗੰਦ ਡੁਲ੍ਹਿਆ ਪਿਆ ਸੀ : ਵੀਰੋ ! ਅਸੀਂ ਤੁਹਾਨੂੰ ਸੁਚੇਤ ਕਰਦੇ ਹਾਂ, ਜੇ ਤੁਸੀਂ ਇਨ੍ਹਾਂ ਕਾਲੀਆਂ ਅਸਰਾਲਾਂ ਨੂੰ ਇਥੋਂ ਨਾ ਭਜਾਇਆ ਤਾਂ ਇਨ੍ਹਾਂ ਤੁਹਾਡਾ ਪਵਿਤਰ ਵਿਰਸਾ ਹੀ ਨਹੀਂ, ਤੁਹਾਡੀ ਕੁਲੀਨ ਨਸਲ ਵੀ ਨਿਗਲ ਲੈਣੀ ਹੈ। ਐ ! ਯਸੂ ਮਸੀਹ ਦੇ ਪੈਰੋਕਾਰੋ ਓਏ ! ਸੰਭਲੋ। ਮਰਦ ਬਣੋ। ਇਕ ਵਾਰੀ ਆਪਣੇ ਬਜ਼ੁਰਗਾਂ ਦੀ ਬਹਾਦਰੀ ਫਿਰ ਤਾਜ਼ਾ ਕਰ ਵਿਖਾਓ, ਤਾਂ ਕਿ ਇਨ੍ਹਾਂ ਨੂੰ ਆਪਣੀ ਉਕਾਤ ਦਾ ਪਤਾ ਲਗ ਜਾਵੇ, ਯਸੂ ਦੀ ਖਾਤਰ, ਆਪਣੇ ਮਹਾਨ ਬਜ਼ੁਰਗਾਂ ਦੀ ਖਾਤਰ ਇਕ ਵਾਰੀ ਫਿਰ ਬਾਜ਼ ਬਣਕੇ ਇਨ੍ਹਾਂ ਬਦਜ਼ਾਤਾਂ ਤੇ ਟੁਟ ਪਵੋ। ਅਜਿਹੇ ਪੋਸਟਰ ਪੜ੍ਹ ਕੇ ਕਾਲੇ-ਭੂਰੇ ਵਿਦਿਆਰਥੀਆਂ ਨੂੰ ਗੁਸਾ ਆਉਣਾ ਹੀ ਸੀ। ਸੋ ਉਨ੍ਹਾਂ ਵੀ ਆਪਣੀ ਟੋਲੀ ਲਈ। ਦਿਨੇ ਤਾਂ ਸਭ ਇਕ ਦੂਜੇ ਨੂੰ ਵਢ ਖਾਣੀ ਨਜ਼ਰੇ ਹੀ ਦੇਖਦੇ ਰਹੇ ਪਰ ਛੁਟੀ ਹੁੰਦਿਆਂ ਹੀ ਉਹ ਆਪਸ ਵਿਚ ਫਸ ਪਏ। ਮਸੀਂ ਮਸੀਂ ਚੇਤਨ ਵਿਦਿਆਰਥੀਆਂ ਤੇ ਅਧਿਆਪਕਾਂ ਖੂਨ ਖਰਾਬਾ ਹੋਣੋਂ ਰੋਕਿਆ।"

"ਓਹ ! ਮਾਈ ਗਾਡ !" ਐਨ ਦੇ ਮੂੰਹੋਂ ਚੀਕ ਨਿਕਲ ਗਈ। ਰਤਾ ਸੰਭਲੀ ਤਾਂ ਉਹ ਫਿਰ ਕਹਿਣ ਲਗੀ ਪੁਲਸ ਘੋੜੇ ਵੇਚ ਕੇ ਸੁਤੀ ਹੋਈ ਐ ? ਐਕਸ਼ਨ ਕਿਉਂ ਨਹੀਂ ਲੈਂਦੀ ?

ਐਨ ਕੋਲੋਂ ਇੰਨਾ ਭੋਲਾ ਸੁਆਲ ਸੁਣ ਕੇ ਪ੍ਰੋ. ਦਾ ਮਲੋਮਲੀ ਹਾਸਾ ਨਿਕਲ ਗਿਆ। ਉਹ ਹਸਦਾ ੨ ਹੀ ਕਹਿਣ ਲਗਾ, "ਜੇ ਕੋਈ ਸਾਧਾਰਨ ਬੁਧੀ ਵਾਲਾ ਬੰਦਾ ਇਹ ਪ੍ਰਸ਼ਨ ਕਰਦਾ ਤਾਂ ਮੈਂ ਬੜੀ ਆਸਾਨੀ ਨਾਲ ਕਹਿ ਦੇਣਾ ਸੀ ਕਿ ਇਨ੍ਹਾਂ (ਨਾਜ਼ੀਆਂ) ਵਾਂਗ ਹੀ ਪੁਲਸ ਵੀ ਰੂਲਿੰਗ ਕਲਾਸ ਦੀ ਦਲਾਲ ਐ ਤੇ ਦਲਾਲ ਉਹੀ ਕੁਝ ਕਰਦਾ ਐ, ਜੋ ਉਹਦੇ ਮਾਲਕ ਦੀ ਇਛਾ ਹੋਵੇ, ਉਹਦੀ ਸਥਾਪਨਾ ਦੀ ਇਮਾਰਤ ਨੂੰ ਪਕਿਆਂ ਕਰ ਕੇ ਵਰਕਿੰਗ ਕਲਾਸ ਦੀ ਆਪਸੀ ਫੁੱਟ ਨਾਲੋਂ ਉਹਦੇ ਲਈ ਹੋਰ ਕਿਹੜੀ ਚੀਜ਼ ਸਹਾਈ ਹੋ ਸਕਦੀ ਐ। ਇਹ ਸਭ ਗੋਰੇ ਕਾਲੇ ਕਾਮੇ ਨੂੰ ਪਾੜਨ ਲਈ ਕੀਤਾ ਜਾ ਰਿਹਾ ਹੈ। ਪਰ ਤੂੰ ਤਾਂ ਆਪ ਸਮਝਦਾਰ ਐਂ। ਖੈਰ ਛਡ ਇਸ ਗਲ ਨੂੰ।" ਕਹਿੰਦਾ ੨ ਪ੍ਰੋ. ਰਤਾ ਕੁ ਸੋਚ ਕੇ ਫਿਰ ਕਹਿਣ ਲਗਾ, "ਨਹੀਂ ਤਾਂ ਇਹ ਕਿਦਾਂ ਹੋ ਸਕਦਾ ਐ ਕਿ ਮੁਠੀ ਭਰ ਨਸਲਵਾਦੀ ਦੇਸ ਦੇ ਅਮਨ ਨੂੰ ਲਾਂਬੂ ਲਾਹ ਕੇ ਉਂਜ ਦੀ ਉਂਜ ਟਾਹਰਾਂ ਮਾਰਦੇ ਫਿਰਨ। ਐਨ ! ਤੂੰ ਹੈਰਾਨ ਹੋਵੇਂਗੀ ਕਿ ਆਮ ਲੋਕਾਂ ਤੇ ਵਿਦਿਆਰਥੀਆਂ ਨੂੰ ਤਾਂ ਉਨ੍ਹਾਂ ਦੇ ਅਡਿਆਂ ਦਾ ਪਤਾ ਹੈ, ਪਰ ਪੁਲਸ ਕਹਿ ਰਹੀ ਐ ਕਿ ਉਹਨੂੰ ਇਨ੍ਹਾਂ ਦੇ ਅਡਿਆਂ ਦਾ ਪਤਾ ਨਹੀਂ ਲਗ ਰਿਹਾ।"

"ਜੇ ਸ਼ਹਿਰੀਆਂ ਦੀ ਜਾਨ-ਮਾਲ ਦੀ ਰਖਿਅਕ (ਪੁਲਸ) ਦਾ ਈ ਇਹ ਹਾਲ ਐ ਤਾਂ ਦੇਸ ਕਿਹੜੇ ਭੱਠ 'ਚ ਪਊ।"

"ਹੂੰ...।" ਕਹਿ ਕੇ ਪ੍ਰੋ. ਇਸ ਸਮਸਿਆ ਦੇ ਹਲ ਬਾਰੇ ਸੋਚਣ ਲੱਗ ਪਿਆ ਤੇ ਐਨ ਉਹਦੇ ਉੱਤਰ ਬਾਰੇ। ਉਹ ਕਿੰਨਾ ਚਿਰ ਇਹ ਦੇ ਹਲ ਸਬੰਧੀ ਸੋਚਦਾ ਰਿਹਾ। ਸੋਚਦੇ-ਸੋਚਦੇ ਪ੍ਰੋ. ਰਾਈਟ ਦੀਆਂ ਅੱਖਾਂ ਚਾਣਚਕ ਚਾਣਨ-ਚਾਣਨ ਹੋ ਗਈਆਂ। ਸੋ ਉਹ ਅਤਿ ਭਰੋਸੇ ਨਾਲ ਕਹਿਣ ਲੱਗਾ, "ਇਹਦਾ ਇਕੋ ਇਕ ਹੱਲ ਐ — ਲੋਕਾਂ ਦੀ ਸਾਂਝੀ ਸੋਚ ਤੇ ਜਤਨ। ਗੋਰੇ ਕਾਲਿਆਂ, ਖਾਸ ਕਰਕੇ ਸੂਝਵਾਨ ਗੋਰਿਆਂ ਨੂੰ ਇਨ੍ਹਾਂ ਨਸਲਵਾਦੀ ਕੁੱਤਿਆਂ ਨੂੰ ਦਸਣਾ ਪਏਗਾ ਕਿ ਉਨ੍ਹਾਂ ਨੂੰ ਕਾਲਿਆਂ ਤੋਂ ਕੋਈ ਖਤਰਾ ਨਹੀਂ। ਮੁੱਠੀ ਭਰ ਖ਼ੁਦਗਰਜ਼ਾਂ ਨੂੰ ਜ਼ਰੂਰ ਹੈ। ਨਾ ਗੋਰੇ ਸੁਧੇ ਦੇਵਤੇ ਨੇ, ਨਾ ਹੀ ਕਾਲੇ ਸੁਧੇ ਰਾਖਸ਼। ਗੋਰੇ-ਕਾਲਿਆਂ ਦੇ ਸਾਂਝੇ ਜਤਨ ਨਾਲ ਹੀ ਵਾਤਾਵਰਨ 'ਚੋਂ ਇਹ ਜ਼ਹਿਰ ਧੋਈ ਜਾ ਸਕਦੀ ਐ ਤੇ ਜ਼ਿੰਦਗੀ ਮੁੜ ਜਿਉਣ ਯੋਗ ਹੋ ਸਕਦੀ ਐ।" ਇਸ ਸੋਚ ਨਾਲ ਪ੍ਰੋ. ਦੇ ਮਨ 'ਚੋਂ ਮਣਾਂ-ਮੂੰਹੀਂ ਭਾਰ ਲੱਥ ਗਿਆ ਤੇ ਉਹ ਇਸ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਦੀ ਯੋਜਨਾ ਬਣਾ ਕੇ ਨਿਸਚਿੰਤ ਹੋ ਕੇ ਸੌਂ ਗਿਆ।

ਅਗਲੇ ਦਿਨ ਅੱਧੀ ਛੁੱਟੀ 'ਚ ਉਸ ਆਪਣੀ ਇਸ ਯੋਜਨਾ ਦੀ ਆਪਣੇ ਮਿਤਰ-ਸਾਥੀ ਅਧਿਆਪਕਾਂ ਨਾਲ ਗਲ ਕੀਤੀ ਤਾਂ ਉਨ੍ਹਾਂ ਇਹਦੀ ਸ਼ਲਾਘਾ ਹੀ ਨਾ ਕੀਤੀ, ਸਗੋਂ ਸਾਥ ਦੇਣ ਦਾ ਵੀ ਵਚਨ ਦਿੱਤਾ। ਕੁਦਰਤੀ ਹੀ ਉਸ ਸ਼ਾਮੀ ਲੇਬਰ ਪਾਰਟੀ ਦੀ ਮੀਟਿੰਗ ਸੀ। ਇਸ ਲਈ ਲੇਬਰ-ਪਾਰਟੀ ਦੀ ਪ੍ਰਬੰਧਕ-ਕਮੇਟੀ ਦਾ ਸਾਥ ਵੀ ਲਿਆ ਜਾ ਸਕਦਾ ਸੀ। ਗਰਮ ਦਲੀਆ ਹੋਣ ਕਰ ਕੇ ਕਈ ਪਾਰਟੀ-ਮੈਂਬਰ ਉਹਨੂੰ ਕਮਿਊਨਿਸਟਾਂ ਦਾ ਦਲਾਲ ਵੀ ਕਹਿੰਦੇ ਸਨ, ਪਰ ਉਹਦੀ ਦਲੀਲ ਅੱਗੇ ਉਨ੍ਹਾਂ ਨੂੰ ਸਿਰ ਝੁਕਾਉਣਾ ਪੈਂਦਾ ਸੀ। ਉਹ ਮੀਟਿੰਗ ਸ਼ੁਰੂ ਹੋਣੋਂ ਕਾਫ਼ੀ ਦੇਰ ਪਹਿਲਾਂ ਹਾਲ 'ਚ ਪਹੁੰਚ ਗਿਆ ਤੇ ਮੀਟਿੰਗ ਦੇ ਫੁਟਕਲ ਅਜੰਡਿਆਂ 'ਚ ਇਹ ਅਜੰਡਾ ਵੀ ਰਖਾ ਦਿੱਤਾ। ਸਕੱਤਰ ਨੇ ਬਾਕੀ ਅਜੰਡਿਆਂ ਮਗਰੋਂ ਮੀਟਿੰਗ ਸਾਮ੍ਹਣੇ ਇਹ ਅਜੰਡਾ ਰਖਿਆ ਤਾਂ ਉਹਦੀ ਆਸ ਨਾਲੋਂ ਕਿਤੇ ਘੱਟ ਇਹਦੀ ਵਿਰੋਧਤਾ ਹੋਈ।

ਇਥੋਂ ਉਤਸ਼ਾਹਿਤ ਹੋ ਕੇ ਉਹ ਆਪਣੇ ਸਾਥੀ ਅਧਿਆਪਕਾਂ ਨਾਲ ਕਮਿਊਨਿਸਟ, ਲਿਬਰਲ, ਟੋਰੀ ਤੇ ਸੋਸ਼ਲਿਸਟ ਪਾਰਟੀਆਂ ਦੇ ਦਫ਼ਤਰੀਂ ਗਿਆ। ਟੋਰੀ ਪਾਰਟੀ ਦੇ ਕੁਝ ਕੁ ਮੈਂਬਰਾਂ ਦੇ ਖਾਹ-ਮਖਾਹ ਦੇ ਵਿੱਡ ਅੜਿਕਿਆਂ ਤੋਂ ਬਿਨਾਂ ਸਭ ਪਾਰਟੀਆਂ ਨੇ ਬੜਾ ਉਤਸ਼ਾਹ ਵਿਖਾਇਆ। ਕਮਿਊਨਿਸਟ ਤੇ ਸੋਸ਼ਲਿਸਟ ਪਾਰਟੀਆਂ ਨੇ ਤਾਂ ਆਪਣੇ ਵਲੰਟੀਅਰਜ਼ ਦੀ ਵੀ ਪੇਸ਼ਕਸ਼ ਕੀਤੀ, ਪਰ ਪ੍ਰੋ. ਤੇ ਉਹਦੇ ਸਾਥੀਆਂ ਉਨ੍ਹਾਂ ਦਾ ਧਨਵਾਦ ਕਰਦਿਆਂ ਸਲਾਹ ਦਿੱਤੀ ਕਿ ਚੰਗਾ ਰਹੇਗਾ ਜੇ ਉਹ ਆਪਣੀ ਆਪਣੀ ਪਾਰਟੀ ਦੇ ਸੈੱਲਾਂ 'ਚ ਕੰਮ ਕਰ ਕੇ ਲੋਕਾਂ ਨੂੰ ਇਸ ਕਾਜ ਲਈ ਤਿਆਰ ਕਰਨ।

ਇਸ ਮਗਰੋਂ ਉਹ, ਟ੍ਰੇਡ ਯੂਨੀਅਨਜ਼ ਦੇ ਦਫ਼ਤਰੀਂ ਗਏ। ਉਨ੍ਹਾਂ ਰਜਵਾਂ ਹੁੰਗਾਰਾ ਭਰਿਆ। ਇਨ੍ਹਾਂ 'ਤੋਂ ਉਤਸ਼ਾਹਿਤ ਹੋਏ ਉਹ ਪਾਕਿਸਤਾਨੀ, ਅਫ਼ਰੋ-ਜਮੀਕਣ ਤੇ ਭਾਰਤੀ ਮਜ਼ਦੂਰ ਸਭਾ ਦੇ ਪ੍ਰਤੀਨਿਧਾਂ ਨੂੰ ਮਿਲੇ। ਭਾਰਤੀ ਮਜਦੂਰ ਸਭਾ ਤਾਂ ਆਪ ਇਹ ਕਦਮ ਚੁੱਕਣ ਨੂੰ ਫਿਰਦੀ ਸੀ। ਸੋ ਉਹ ਪ੍ਰੋ. ਹੋਰਾਂ ਦੇ ਜ਼ਤਨਾਂ ਦੀ ਦਿਲੋਂ ਸ਼ਲਾਘਾ ਕਰਦੇ ਹੋਏ ਕਹਿਣ ਲੱਗੇ, "ਤੁਹਾਡਾ ਇਹ ਜਤਨ ਬਹੁਤ ਈ ਸ਼ਲਾਘਾ ਯੋਗ ਐ, ਪਰ ਸਾਡਾ ਸੁਝਾਓ ਏ ਕਿ ਇਹ ਜਤਨ ਹੋਰ ਵੀ ਸਫ਼ਲ ਰਹੇਗਾ, ਜੇ ਤੁਸੀਂ (ਅਸੀਂ ਤੁਹਾਡੇ ਨਾਲ ਚਲਦੇ ਹਾਂ) ਪਾਕਿਸਤਾਨ ਤੇ ਐਫ਼ਰੋ-ਜਮੀਕਣ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਨਾਲ ਲੈ ਕੇ ਮਸਜਿਦੀਂ, ਮੰਦਰੀਂ, ਗਿਰਜੀਂ ਤੇ ਗੁਰਦੁਆਰੀਂ ਵੀ ਜਾਓ। ਇਨ੍ਹਾਂ ਸੰਸਥਾਵਾਂ ਤੋਂ ਬਹੁਤ ਸਹਿਯੋਗ ਮਿਲ ਸਕਦਾ ਹੈ।"

ਆਸ ਤੋਂ ਕਿਤੇ ਵੱਧ ਇਨ੍ਹਾਂ ਧਾਰਮਿਕ ਸੰਸਥਾਵਾਂ ਨੇ ਹੁੰਗਾਰਾ ਭਰਿਆ। ਲੋਕਾਂ ਦਾ ਇਸ ਕਾਰਜ਼ ਲਈ ਉਤਸ਼ਾਹ ਵੇਖ ਕੇ ਪ੍ਰੋ. ਰਾਈਟ ਦੇ ਧਰਤੀ 'ਤੇ ਪੈਰ ਨਹੀਂ ਸਨ ਲੱਗ ਰਹੇ। ਅਸਮਾਨ ਬੇਸ਼ਕ ਅਜੇ ਵੀ ਪਹਿਲਾਂ ਵਰਗਾ ਹੀ ਧੁੰਦਲਾ ਸੀ, ਵਾਤਾਵਰਨ 'ਚ ਨਸਲ-ਵਾਦੀਆਂ ਦੀ ਫੈਲਾਈ ਜ਼ਹਿਰ ਵੀ ਉਸੇ ਤਰ੍ਹਾਂ ਕੁਰਬਲ ਕੁਰਬਲ ਕਰ ਰਹੀ ਸੀ, ਫਿਰ ਵੀਂ ਪ੍ਰੋ. ਨੂੰ ਅਕਾਸ਼ ਸਾਫ਼ ਹੁੰਦਾ ਜਾਪਣ ਲੱਗਾ, ਵਾਯੂ ਮੰਡਲ ਪਵਿਤਰ। ਉਸ ਆਪਣੇ ਇਸ ਅਹਿਸਾਸ ਨੂੰ ਜਾਚਣ ਲਈ ਅਸਮਾਨ ਵਲ ਨਜ਼ਰ ਮਾਰੀ, ਸ਼ਹਿਰ ਦੇ ਘਰਾਂ ਵਲ ਤਕਿਆ ਤੇ ਉਹਨੂੰ ਘਰਾਂ 'ਚੋਂ ਹਾਸੇ ਛਣ-ਛਣਾਉਂਦੇ ਆਉਂਦੇ ਜਾਪੇ, ਅਸਮਾਨ 'ਚੋਂ ਜੀਵਨ ਮਹਕ।

ਇਹ ਸਮਸਿਆ ਹੀ ਇੰਨੀ ਗੰਭੀਰ ਸੀ ਕਿ ਹਰ ਸੂਝਵਾਨ ਆਪਣੇ ਜ਼ਾਤੀ ਮਤ-ਭੇਦ ਛੱਡ ਕੇ ਇਸ ਨੂੰ ਸੁਲਝਾਉਣ ਲਈ ਤਤਪਰ ਸੀ। ਸਾਰੀਆਂ ਪਾਰਟੀ ਤੇ ਸੰਸਥਾਵਾਂ ਦੀ ਇਕ ਸਾਂਝੀ ਐਂਟੀ-ਲੀਗ ਕਮੇਟੀ ਬਣਾਈ ਗਈ। ਪ੍ਰੋ. ਰਾਈਟ ਨੂੰ ਉਹਦਾ ਸਰਬ-ਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਸਨਿਚਰਵਾਰ ਸ਼ਾਮ ਦੇ ਸੱਤ ਵਜੇ, ਜਾਰਜ ਹੋਟਲ 'ਚ, ਸਾਰੀਆਂ ਪਾਰਟੀਆਂ ਤੇ ਸੰਸਥਾਵਾਂ ਦੀ ਆਮ ਮੀਟਿੰਗ ਬੁਲਾਈ ਗਈ, ਜਿਸ 'ਚ ਐਤਵਾਰ ਨੂੰ ਕੱਢ ਜਾ ਰਹੇ ਜਲੂਸ ਦੀ ਸਾਰੀ ਰੂਪ-ਰੇਖਾ ਬਣਾਉਣੀ ਸੀ।

ਮੀਟਿੰਗ ਨੂੰ ਵੱਧ ਤੋਂ ਵੱਧ ਸਫ਼ਲ ਬਣਾਉਣ ਲਈ ਪ੍ਰੋ. ਪਾਰਟੀਆਂ ਤੇ ਸੰਸਥਾਵਾਂ ਵਲ ਭੱਜਿਆ ਫਿਰਦਾ ਸੀ ਕਿ ਸ਼ਹਿਰ ਦੀ ਇਕ ਸੁੰਨੀ ਜਿਹੀ ਗਲੀ 'ਚੋਂ ਅਚਾਨਕ ਉਹਦੇ ਕੰਨੀ ਅਵਾਜ਼ ਪਈ, "ਉਹ ਚਿੱਟੇ ਹਰਾਮੀਆ! ਬੰਦਾ ਬਣ ਜਾ। ਨਹੀਂ ਤਾਂ ਆਪਣਾ ਅੰਨ-ਜ਼ਲ ਮੁੱਕਿਆ ਸਮਝ। ਇਨ੍ਹਾਂ ਕਾਲੇ ਕੀੜਿਆਂ ਤੈਨੂੰ ਬਚਾ ਨਈਂ ਸਕਣਾ। ਸਮਝਿਆ?" ਇਸ ਅਵਾਜ਼ ਦੇ ਕੰਨੀਂ ਪੈਂਦਿਆਂ ਹੀ ਉਹਦੇ ਪੈਰ ਥਿੜਕ ਗਏ, ਪਰ ਝੱਟ ਚੰਗੇ ਕੰਮ ਲਈ ਕੁਝ ਕੁ ਮੂਰਖਾਂ ਦੀ ਨਰਾਜਗੀ ਤੇ ਗਾਲਾਂ ਸਹਿਣੀਆਂ ਹੀ ਪੈਂਦੀਆਂ ਹਨ ਦੇ ਅਹਿਸਾਸ ਨਾਲ ਉਹ ਸੰਭਲ ਗਿਆ ਤੇ ਪਹਿਲਾਂ ਨਾਲੋਂ ਵੀ ਵੱਧ ਸਾਬਤ ਕਦਮੀਂ ਤੁਰਨ ਲਗ ਪਿਆ ਇਸ ਚਿਤਾਵਨੀ ਨਾਲ ਉਹ ਨਾ ਹਟਿਆ, ਤਾਂ ਉਨ੍ਹਾਂ ਉਸੇ ਰਾਤ ਉਹਦੇ ਘਰ ਦੀ ਬਾਹਰਲੀ ਕੰਧ ਨਾਲ ਪੋਸਟਰ ਚਿਪਕਾ ਦਿਤਾ, "ਸਟਾਪ ਯੂਅਰ ਐਕਟੀਵਿ-ਟੀਜ਼, ਅਦਰਵਾਇਜ਼ ਯੂ ਵਿਲ ਬੀ ਨੋ ਮੋਰ ਇਨ ਦਿਸ ਵਰਲਡ।"

ਸਵੇਰੇ ਜਦ ਉਹ ਫਿਰਦਾ ਫਿਰਾਉਂਦਾ ਆਪਣੇ ਘਰ ਦੀ ਬਾਹਰਲੀ ਬਗੀਚੀ 'ਚ ਗਿਆ, ਤਾਂ ਕੰਧ ਤੇ ਲਗੇ ਇਸ ਚਿਤਵਨੀ ਪੋਸਟਰ ਨੂੰ ਵੇਖ ਕੇ ਉਹ ਘਬਰਾਉਣ ਦੀ ਥਾਂ ਸਗੋਂ ਮੁਸਕਰਾ ਪਿਆ, 'ਇਹ ਨਸਲਵਾਦੀ ਕੁੱਤੇ ਮੈਨੂੰ ਦੁੱਧ ਚੁੰਘਦਾ ਬੱਚਾ ਹੀ ਸਮਝਦੇ ਹਨ। ਹੂੰ' ਤੇ ਦੂਜੇ ਪਲ ਹੀ ਉਸ ਝਟਕੇ ਨਾਲ ਪੋਸਟਰ ਕੰਧ ਤੋਂ ਲਾਹ, ਗੁੱਛਾ-ਮੁੱਛਾ ਕਰਕੇ, ਕੰਧ ਦੀ ਓਟ 'ਚ ਪਏ ਡਸਟ ਟਿਨ ਦਾ ਢੱਕਣ ਚੁਕ ਕੇ, ਉਹਦੇ ਗੰਦ 'ਚ ਇਸ ਗੰਦ ਨੂੰ ਵੀ ਵਗਾਹ ਮਾਰਿਆ। ਢੱਕਣ ਦੇ ਕੇ ਉਹ ਫਿਰ ਬਗੀਚੀ 'ਚ ਘੁੰਮਣ ਲੱਗ ਪਿਆ ਇਸ ਚਿਤਾਵਨੀ ਨਾਲ ਉਹਦੇ ਹੌਂਸਲੇ ਦਾ ਪਾਣੀ ਲੱਥਣ ਦੀ ਥਾਂ ਸਗੋਂ ਹੋਰ ਤੇਜ ਉਛਾਲੇ ਖਾਣ ਲਗ ਪਿਆ।

ਸਾਰੇ ਲੋਕ ਧੜਾ ਧੜ ਮੀਟਿੰਗ ਲਈ ਆ ਰਹੇ ਸਨ। ਸਾਰਾ ਹਾਲ ਤਕਰੀਬਨ ਤਕਰੀਬਨ ਭਰ ਚੁਕਾ ਸੀ। ਲੋਕਾਂ ਨੂੰ ਪ੍ਰੇਰਦਾ ਜਦ ਉਹ ਹਾਲ 'ਚ ਪ੍ਰਵੇਸ਼ ਹੋਇਆ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਸ ਸੱਜਾ ਹੱਥ ਹਵਾ 'ਚ ਲਹਿਰਾ ਲਹਿਰਾ ਤੇ ਮੁਸਕਾਨਾਂ ਵੰਡ ਵੰਡ ਜਨਤਾ ਦੇ ਸੁੱਚੇ ਸੁਆਗਤ ਨੂੰ ਜੀ ਆਇਆਂ ਆਖਿਆ ਤੇ ਕਾਹਲੀ ਕਾਹਲੀ ਪੈਰ ਪੁੱਟਦਾ ਸਟੇਜ 'ਤੇ ਚਲਾ ਗਿਆ। ਕਿਉਂਕਿ ਮੀਟਿੰਗ ਅਰੰਭ ਕਰਨ ਲਈ ਦੇਰ ਹੋ ਰਹੀ ਸੀ। ਉਸ ਕੁਰਸੀ ਦੇ ਸਹਾਰੇ ਆਪਣਾ ਹੈਂਡ ਬੈਗ ਰਖਿਆ, ਆਏ ਸਾਥੀਆਂ ਦਾ ਆਪਣੇ ਤੇ ਕਮੇਟੀ ਵਲੋਂ ਧੰਨਵਾਦ ਕੀਤਾ ਅਤੇ ਝੁਕ ਕੇ ਸੱਜੇ ਹੱਥ ਨਾਲ ਬੈਗ ਖੋਲ੍ਹ ਉਹਦੇ 'ਚੋਂ ਕਾਗਜ ਤੇ ਉਲੀਕੀ, ਜਲੂਸ ਦੀ ਸਾਰੀ ਯੋਜਨਾ ਹਾਊਸ ਅੱਗੇ ਰਖ ਦਿਤੀ। ਯੋਜਨਾ ਦੇ ਕਈ ਪਹਿਲੂਆਂ ਤੇ ਕਈ ਬੁਲਾਰੇ ਸੰਖੇਪ ਜਿਹਾ ਬੋਲੇ ਤੇ ਆਪਣੇ ਆਪਣੇ ਸੁਝਾਓ ਹਾਊਸ ਅੱਗੇ ਰੱਖ ਕੇ ਬੈਠ ਗਏ। ਅੰਤ ਸਵੇਰੇ ਸ਼ਹਿਰ ਦੀ ਵੱਡੀ ਪਾਰਕ 'ਚ ਇਕੱਠੇ ਹੋਣ, ਕਿਨ੍ਹਾਂ ਕਿਨ੍ਹਾ ਸੜਕਾਂ ਗਲੀਆਂ 'ਚੋਂ ਜਲੂਸ ਦੇ ਲੰਘਣ ਤੇ ਬਾਕੀ ਯੋਜਨਾ ਬਣਾ ਕੇ ਸਾਰੇ ਜਲੂਸ ਨੂੰ ਵਧ ਤੋਂ ਵਧ ਸਫਲ ਬਣਾਉਣ ਲਈ ਉਠ ਤੁਰੇ।

ਛੋਟੇ ਜਿਹੇ ਇਸ ਸ਼ਹਿਰ ਦੇ ਇਲਾਕੇ ਵੰਡ ਕੇ ਪ੍ਰੋ. ਰਾਈਟ ਤੇ ਬਾਕੀ ਸਾਥੀਆਂ ਤਕਰੀਬਨ ਤਕਰੀਬਨ ਸ਼ਹਿਰ ਦੇ ਹਰ ਪੱਬ 'ਚ ਜਲੂਸ ਦੇ ਮਨੋਰਥ ਬਾਰੇ ਛਾਪੇ ਇਸ਼ਤਿਹਾਰ ਵੰਡੇ, ਲੋਕਾਂ ਨੂੰ ਜਲੂਸ ਦਾ ਮਨੋਰਥ ਸਮਝਾਉਂਦਿਆਂ ਆਪਣੇ ਮਿਤਰ ਦੋਸਤਾਂ ਤੇ ਪਰਵਾਰ ਸਹਿਤ ਜਲੂਸ 'ਚ ਸ਼ਾਮਲ ਹੋ ਕੇ ਆਪਣੇ ਕਰਤਵ ਦੀ ਪੂਰਤੀ ਲਈ ਬੇਨਤੀ ਕੀਤੀ। ਕੁਝ ਕੁ ਰੂੜ੍ਹੀਵਾਦਾਂ ਤੇ ਨਸਲ ਪ੍ਰਸਤਾਂ ਦੇ ਹਾਮੀਆਂ ਦੇ ਨੱਕ-ਬੁਲ੍ਹ ਟੇਰਨ ਤੋਂ ਬਿਨਾਂ ਸਾਰਿਆਂ ਜਲੂਸ 'ਚ ਸ਼ਾਮਲ ਹੋਣ ਦੀ ਖੁਸ਼ੀ ਪਰਗਟ ਕੀਤੀ।

ਆਪਣੇ ਗਰੁੱਪ ਨਾਲ ਇਸ਼ਤਿਹਾਰ ਵੰਡਦਾ ਤੇ ਲੋਕਾਂ ਨੂੰ ਇਸ ਸੁਭ ਕੰਮ ਲਈ ਪ੍ਰੇਰਦਾ ਪ੍ਰੋਫੈਸਰ ਰਾਈਟ ਗਿਆਰਾਂ ਕੁ ਵਜੇ ਘਰ ਪੁੱਜਾ। ਫਲ੍ਹੂ ਕਰਕੇ ਐਨ ਫਰੰਟ ਰੂਮ 'ਚ ਸੋਫੇ ਤੇ ਪਈ ਟੇਲੀਵਿਜਨ ਵੇਖ ਰਹੀ ਸੀ। ਹੈਰੀ ਸੌਂ ਚੁਕਾ ਸੀ। ਪ੍ਰੋ. ਰਾਈਟ ਨੇ ਓਵਰ ਕੋਟ ਤੇ ਕੋਟ ਲਾਹ ਕੇ ਲਾਂਘੇ 'ਚ ਗੱਡੀ ਕਿੱਲੀ 'ਤੇ ਟੰਗਿਆ ਤੇ ਫਰੰਟ ਰੂਮ ਦਾ ਬੂਹਾ ਖੋਲ੍ਹ ਕੇ ਅੰਦਰ ਆ ਗਿਆ। ਐਨ ਤੋਂ ਉਹਦੀ ਤਬੀਅਤ ਬਾਰੇ ਪੁੱਛਦਾ ਹੋਇਆ ਉਹ ਉਹਦੇ ਨਾਲ ਹੀ ਸੋਫੇ 'ਤੇ ਬੈਠ ਟੈਲੀਵਿਜਨ ਵੇਖਣ ਲੱਗ ਪਿਆ। ਕੁਝ ਚਿਰ ਮਗਰੋਂ ਲੇਟ, ਨਾਈਟ ਨਿਊਜ਼ ਆਉਣ ਲਗੀ ਤਾਂ ਉਹ ਚੇਤਨ ਹੋ ਕੇ ਖਬਰਾਂ ਸੁਣਨ ਲਗ ਪਿਆ। ਕਿਉਂਕਿ ਉਸ ਟੈਲੀਵਿਜਨ ਵਾਲਿਆਂ ਨੂੰ ਜਲੂਸ ਬਾਰੇ ਖਬਰ ਦਿਤੀ ਹੋਈ ਸੀ। ਇਸ ਲਈ ਉਹ ਵੇਖਣਾ ਚਾਹੁੰਦਾ ਸੀ ਕਿ ਉਹ ਜਲੂਸ ਦੀ ਸੂਚਨਾ ਦੇ ਵੀ ਰਹੇ ਸਨ ਜਾਂ ਨਹੀਂ ਤੇ ਜੇ ਦੇ ਰਹੇ ਸਨ ਤਾਂ ਕਿਸ ਐਂਗਲ ਤੋਂ। ਨਿਊਜ਼ ਕਾਸਟਰ ਜਲੂਸ ਸਬੰਧੀ ਖਬਰ ਪੜ੍ਹਨ ਹੀ ਲਗਾ ਸੀ ਕਿ ਉਨ੍ਹਾਂ ਦੇ ਫਰੰਟ-ਰੂਮ ਦੀ ਬਾਰੀ ਦੇ ਸ਼ੀਸ਼ਿਆਂ 'ਚ ਠਾਹ ਠਾਹ ਇੱਟਾਂ ਪੱਥਰ ਵੱਜਣ ਲੱਗ ਪਏ ਤੇ ਕਿਰਚ ਕਿਰਚ ਕਰਕੇ ਟੁੱਟਦੇ ਕੱਚ ਦੇ ਟੁਕੜੇ ਤੇ ਰੋੜਿਆਂ ਇਟਾਂ ਦੀ ਕਮਰੇ 'ਚ ਗੜੇ ਮਾਰ ਹੋਣ ਲਗ ਪਈ। ਉਹ ਘਬਰਾ ਕੇ ਐਨ ਦੇ ਨਾਲ ਹੀ ਸੋਫੇ ਤੇ ਲੇਟ ਗਿਆ। ਡਰ ਮਾਰੀ ਐਨ ਦੇ ਮੂੰਹੋਂ ਚੀਕ ਨਿਕਲਣ ਹੀ

ਲੱਗੀ ਸੀ ਕਿ ਪ੍ਰੋ. ਰਾਈਟ ਨੇ ਉਹਦੇ ਮੂੰਹ ਮੂਹਰੇ ਹੱਥ ਰੱਖ ਕੇ ਉਹਦੀ ਅਵਾਜ਼ ਦੀ ਥਾਹੇਂ ਹੀ ਘੰਡੀ ਘੁੱਟ ਦਿੱਤੀ। ਬੌਂਦਲਿਆ ਜਿਹਾ ਉਹ ਆਪਣੀਆਂ ਅੱਖਾਂ ਤੇ ਹੱਥ ਰੱਖ ਕੇ, ਤਾਂ ਕਿ ਉਹ ਵੀ ਬਾਰੀ ਦੇ ਸ਼ੀਸ਼ਿਆਂ ਵਾਂਗ ਝਰੀਟੀਆਂ ਨਾ ਜਾਣ. ਬਾਹਰ (ਗਲੀ) ਵੱਲ ਵੇਖਣ ਹੀ ਲੱਗਾ ਸੀ ਕਿ ਭੂਤਰੇ ਨਸਲਵਾਦੀ ਸਾਨ੍ਹਾਂ ਦੀ ਇੱਟਾਂ-ਰੋੜਿਆਂ ਨਾਲੋਂ ਵੀ ਸਖਤ ਅਵਾਜ਼ ਗਲੀ 'ਚ ਕੜਕੀ, "ਇਫ ਯੂ ਵਰ ਇਨ ਦੀ ਡੈਮੋਂਸਟਰੇਸ਼ਨ ਟੂ-ਮਾਰੋ, ਯੂ ਵਿਲ ਬੀ ਕਿਲਡ ਇਨ ਫਰੰਟ ਆਫ ਦੀ ਬਲੈਕ ਬਾਸਟਰਡ। ਅੰਡਰ ਸਟੈਂਡ।"

ਲੰਮਾ ਪਿਆ ਪਿਆ ਕੂਹਣੀਆਂ ਤੇ ਗੋਡਿਆਂ ਦੇ ਸਹਾਰੇ ਘਿਸਰਦਾ ਘਿਸਰਦਾ ਉਹ ਕਿਵੇਂ ਨਾਂ ਕਿਵੇਂ ਟੈਲੀਫੂਨ ਬਕਸ ਤੱਕ ਪੁੱਜ ਹੀ ਗਿਆ। ਪਏ ਪਏ ਨੇ ਹੀ ਟੈਲੀਫੂਨ-ਸ਼ੈਲਫ ਤੋਂ ਖੱਬੀ ਬਾਂਹ ਨਾਲ ਟੈਲੀਫੂਨ ਬਕਸ ਸਰਕਾਇਆ ਤੇ ਆਪਣੇ ਕੋਲ ਰੱਖ ਪੁਲਸ ਨੂੰ ਟੈਲੀਫੂਨ ਕਰਨ ਲੱਗ ਪਿਆ। "ਆਏ ਲੈ" ਪੁਲਸ ਅਧਿਕਾਰੀ ਦਾ ਉੱਤਰ ਸੁਣ ਕੇ ਉਹਨੂੰ ਰਤਾ ਹੌਸਲਾ ਹੋਇਆ ਤੇ ਉਹ ਸਹਿਜੇ ਸਹਿਜੇ ਸਿਰਕਦਾ ਖਿੜਕੀ ਕੋਲ ਪੁੱਜ ਹੌਲੀ ਦੇਣੀ ਬਾਰੀ ਦਾ ਪਰਦਾ ਇਕ ਪਾਸੇ ਨੂੰ ਹਟਾ ਨਸਲਵਾਦੀ ਸਾਨ੍ਹਾਂ ਨੂੰ ਵੇਖਣ ਦਾ ਜਤਨ ਕਰਨ ਲੱਗਾ ਤਾਂ ਕਿ ਉਹ ਪੁਲਸ ਨੂੰ ਉਨ੍ਹਾਂ ਦੇ ਹੁਲੀਏ ਦੱਸ ਸਕੇ, ਪਰ ਉਹ ਪਰਦਾ ਹਿਲਦਾ ਤਕ ਉਥੋਂ ਪਰ੍ਹਾਂ ਨੂੰ ਖਿਸਕ ਗਏ। ਉਂਜ ਵੀ ਉਨ੍ਹਾਂ ਦਾ ਉਦੇਸ਼ ਉਹਨੂੰ ਖਬਰਦਾਰ ਹੀ ਕਰਨਾ ਸੀ ਤਾਂ ਕਿ ਉਹ ਅੱਗੋਂ ਲਈ ਬੰਦਾ ਬਣ ਜਾਵੇ। 'ਹੁਣੇ ਆਏ' ਕਹਿਕੇ ਵੀ ਪੁਲਸ ਅੱਧੇ ਘੰਟੇ ਮਗਰੋਂ ਮਸੀਂ ਆਈ। ਬੇਸ਼ਕ ਥਾਣਿਓਂ ਉਹਦੇ ਘਰ ਤਕ ਆਉਣ 'ਚ ਮਰ ਕੇ ਦਸ ਮਿੰਟ ਲਗਦੇ ਸਨ। ਦੋ ਕਾਰਾਂ 'ਚੋਂ ਸੱਤ ਸਿਪਾਹੀ ਨਿਕਲੇ ਤੇ ਇਧਰ ਉਧਰ ਬੈਟਰੀ ਦੇ ਫਲੈਸ਼ ਮਾਰ ਕੇ ਪ੍ਰੋ. ਰਾਈਟ ਨੂੰ ਆ ਕੇ ਕਹਿਣ ਲੱਗੇ, "ਹੁਣ ਤਾਂ ਇਥੇ ਕੋਈ ਹੈ ਨਹੀਂ। ਹਾਂ ਆਪਣਾ ਖਿਆਲ ਰੱਖੀਂ। ਗੁੰਡੇ ਗੁੰਡੇ ਈ ਹੁੰਦੇ ਨੇ। ਓ. ਕੇ." ਉਹ ਮੁਸਕਰਾਉਂਦੇ ਮੁਸਕਰਾਉਂਦੇ ਕਾਰਾਂ ਦੀਆ ਡੋਰਾਂ ਖੋਲ੍ਹ ਕਾਰਾਂ 'ਚ ਬੜੇ ਆਰਾਮ ਨਾਲ, ਜਾ ਬੈਠੇ। ਕਾਰ ਉਡਦੇ ਅਸਮਾਨੀ ਰੰਗ ਦੇ ਫਲੈਸ਼ ਘੁਮਾਉਂਦੀ ਅਤੇ ਸਾਇਰਨ ਵਜਾਉਂਦੀ ਚਲੇ ਗਈ, ਜਿਵੇਂ ਆਉਣ 'ਚ ਵੀ ਖਤਰਾ ਸੀ, ਜਾਣ 'ਚ ਵੀ।

"ਪਿਆਰੇ ਜਾਣ ਦਿਓ ਇਨ੍ਹਾਂ ਜੜ੍ਹੋ-ਜਲੂਸਾਂ ਨੂੰ। ਕਾਹਨੂੰ ਆਪਣੀ ਜਾਨ ਖ਼ਤਰੇ 'ਚ ਪਾਉਂਦੇ ਹੋ।" ਪੁਲਸ ਦੇ ਨੋਟਿਸ ਨਾ ਲੈਣ ਕਰ ਕੇ ਐਨ ਹੋਰ ਵੀ ਨਾਲ ਕਹਿਣ ਲੱਗੀ, "ਇਨ੍ਹਾਂ ਗੁੰਡਿਆਂ ਦਾ ਕੀ ਵਸਾਹ ਐ, ਕਿਤੇ ਚਾਕੂ ਬਗੈਰਾ ਮਾਰ ਕੇ ਜਾਨ ਈ ਮੁਕਾ ਦੇਣ।"

"ਚੰਗੇ ਕੰਮ ਲਈ ਖਤਰੇ ਸਹੇੜਨੇ ਹੀ ਪਿਆ ਕਰਦੇ ਨੇ, ਡਾਰਲਿੰਗ! ਓਦਾਂ ਵੀ ਏਦਾਂ ਦੇ ਮਹੌਲ 'ਚ ਕੀ ਵਸਾਹ ਐ, ਜਿੰਦਗੀ ਦਾ? ਕੀ ਸਾਊਥਾਲ 'ਚ ਮਰੇ ਉਸ ਏਸ਼ੀਅਨ ਮਸੂਮ ਬੱਚੇ ਨੂੰ ਪਤਾ ਸੀ ਕਿ ਉਸ ਕਲ੍ਹ ਨੂੰ ਨਹੀਂ ਹੋਣਾ, ਇਸ ਸੰਸਾਰ 'ਚ?" ਉਸ ਆਪਣੇ ਡਰ 'ਤੇ ਕਾਬੂ ਪਾਉਂਦਿਆਂ ਕਿਹਾ।

ਸਵੇਰੇ ਉਹ ਬਾਕੀ ਐਂਟੀ ਨਾਜ਼ੀ- ਲੀਗ ਦੇ ਮੈਂਬਰਾਂ ਨਾਲੋਂ ਕਾਫੀ ਚਿਰ ਪਹਿਲਾਂ ਹੀ ਪਾਰਕ 'ਚ ਪਹੁੰਚ ਗਿਆ। ਸਹਿਜੇ ਸਹਿਜੇ ਬਾਕੀ ਸਾਥੀ ਵੀ ਆ ਗਏ ਤੇ ਵਿਖਾਵਾਕਾਰੀ ਵੀ। ਇੱਕ ਵਜੇ ਤੱਕ ਸਾਰੀ ਪਾਰਕ ਰੰਗ-ਬਰੰਗੇ ਬੈਨਰਜ਼ ਨਾਲ ਲਹਿਰਾਉਂਦੀ ਉੱਚੀ ਉੱਚੀ ਰੌਲਾ ਪਾਉਣ ਲੱਗ ਪਈ "ਯੂਨਾਇਟ ਐਂਡ ਫਾਈਟ, ਫਾਸ਼ਿਜ਼ਮ ਡਾਊਨ ਡਾਊਨ, ਸੋਸ਼ਲਿਜ਼ਮ ਇਨ ਇਨ ਤੇ ਬਲੈਕ ਐਂਡ ਵਾਈਟ, ਯੂਨਾਇਟ ਐਂਡ ਫਾਈਟ।"

ਯੋਜਨਾ ਅਨੁਸਾਰ ਸਭ ਤੋਂ ਅੱਗੇ ਗੋਰੇ, ਕਾਲੇ ਤੇ ਏਸ਼ੀਅਨਜ਼ ਗਭਰੂਆਂ ਭੰਗੜਾ ਪਾਉਂਦਿਆਂ ਜਾਣਾ ਸੀ, ਉਹਦੇ ਪਿੱਛੇ ਸਾਂਝੀ ਸੰਗੀਤ ਮੰਡਲੀ, ਉਸ ਪਿੱਛੇ ਤੇਰਾਂ ਰੰਗਾਂ ਦੀ ਜੁਆਨੀ ਨੇ ਕੜਿੰਗੜੀ ਪਾ ਕੇ ਤੁਰਨਾ ਸੀ ਤੇ ਉਹਦੇ ਪਿੱਛੇ ਕਤਾਰਾਂ 'ਚ ਅਮਨ-ਭਰਪੂਰ ਜਲੂਸ ਨੇ ਉਪਰੋਕ ਨਾਹਰੇ ਲਾਉਂਦਿਆਂ।

ਗੋਰੇ-ਕਾਲੇ ਮਰਦ-ਔਰਤਾਂ ਦੇ ਠਾਠਾਂ ਮਾਰਦੇ ਸਮੁੰਦਰ ਨੂੰ ਵੇਖ ਕੇ ਨਾਜ਼ੀਆਂ ਦੇ ਮਾਪੇ ਮਰ ਗਏ। ਇੰਨੇ ਵੱਡੇ ਜਲੂਸ ਦੀ ਤਾਂ ਉਨ੍ਹਾਂ ਕਲਪਣਾ ਵੀ ਨਹੀਂ ਸੀ ਕੀਤੀ। ਇਸ ਲਈ ਉਨ੍ਹਾਂ ਮਾਰ-ਕੁਟਾਈ ਕਰ ਕੇ ਜਲੂਸ 'ਚ ਖ਼ਲਲ ਪਾਉਣ ਦੀ ਪਕੀ ਧਾਰ ਲਈ। ਜਲੂਸ ਭੰਗੜਾ ਪਾਉਂਦਾ, ਰੰਗ-ਬਰੰਗੇ ਗਵਾਰੇ ਹਵਾ 'ਚ ਉਡਾਉਂਦਾ, ਸੰਗੀਤ ਧੁਨਾਂ ਨਾਲ ਵਾਯੂ ਮੰਡਲ ਮਹਕਾਉਂਦਾ, ਫਾਸ਼ਿਸਟਾਂ ਦੀਆਂ ਕਾਲੀਆਂ ਕਰਤੂਤਾਂ ਫਾਸ਼ ਕਰਦਾ, ਅਮਨ-ਚੈਨ ਨਾਲ ਅਤਿ ਅਨੁਸਾਸ਼ਨ 'ਚ ਸ਼ਹਿਰ ਦੀਆਂ ਗਲੀਆਂ 'ਚੋਂ ਲੰਘ ਰਿਹਾ ਸੀ। ਮੁਜ਼ਾਹਰੇ ਦੇ ਦੋਹੀਂ ਪਾਸੀਂ ਪ੍ਰੋ. ਤੇ ਬਾਕੀ ਪ੍ਰਬੰਧਕ ਜਲੂਸ ਦੀ ਅਗਵਾਹੀ ਕਰਦੇ ਜਾ ਰਹੇ ਸਨ। ਸਭ ਦੇ ਸਭ ਅਤਿ ਸੁਚੇਤ ਸਨ ਕਿ ਕਿਧਰੇ ਨਸਲਵਾਦੀਆਂ ਦੀਆਂ ਉਕਸਾਊ ਹਰਕਤਾਂ ਨਾਲ ਤੱਤੇ ਵਿਖਾਵਾਕਾਰੀ ਗੁੱਸੇ 'ਚ ਆ ਗਲਤ ਕਦਮ ਹੀ ਨਾ ਚੁੱਕ ਲੈਣ। ਪੁਲਸ ਤਾਲ-ਮੇਲ ਅਫ਼ਸਰ ਦੇ ਨਾਤੇ ਪ੍ਰੋ. ਤਾਂ ਅਤਿ ਚੇਤਨ ਸੀ। ਕਿਉਂਕਿ ਜਲੂਸ ਦੀ ਬਹੁਤੀ ਸਫ਼ਲਤਾ ਜਾਂ ਅਸਫ਼ਲਤਾ ਉਹਦੀ ਸੁਚੱਜੀ ਅਗਵਾਹੀ ਤੇ ਨਿਰਭਰ ਕਰਦੀ ਸੀ। ਗੜ-ਬੜ ਮਾਰ-ਕੁਟਾਈ ਜਾਂ ਕਿਸੇ ਹੋਰ ਗਲਤ ਕਦਮ ਨਾਲ ਜਲੂਸ ਦਾ ਮਾੜਾ ਬਿੰਬ ਬਣਨਾ ਸੀ, ਪਰ ਨਸਲਵਾਦੀ ਗੁੰਡੇ ਬੇਅੰਤ ਪੁਲਸ ਦੇ ਹੁੰਦਿਆਂ ਵੀ ਥਾਂ-ਥਾਂ ਸ਼ਰਾਰਤਾਂ ਕਰ ਕਰ ਵਿਖਾਵਾਕਾਰੀਆਂ ਨੂੰ ਉਕਸਾ ਰਹੇ ਸਨ। ਜਲੂਸ ਵਿਚਲੇ ਤੱਤੇ ਲਹੂ ਨੇ ਕਈ ਵਾਰੀ ਉਨ੍ਹਾਂ ਨੂੰ ਇਹਦਾ ਸਬਕ ਸਿਖਾਉਣਾ ਚਾਹਿਆ, ਪਰ ਪ੍ਰੋ. ਹੋਰਾਂ ਉਨ੍ਹਾਂ ਦੀ ਪੇਸ਼ ਨਾ ਜਾਣ ਦਿੱਤੀ। ਸਾਰੀਆਂ ਉਲੀਕੀਆਂ ਸੜਕਾਂ-ਗਲੀਆਂ ਤੋਂ ਹੁੰਦਾ ਹੋਇਆ ਜਲੂਸ ਪਾਲੀਟੈਕਨਿਕ ਕਾਲਜ (ਜਿਥੇ ਜਲੂਸ ਨੇ ਮੁੜਨਾ ਸੀ) ਤੋਂ ਦੋ ਸੜਕਾਂ ਹੀ ਉਰ੍ਹੇ ਰਹਿੰਦਾ ਸੀ। ਸੋ ਨਾਜ਼ੀਆਂ ਦਾ ਪਾਰਾ ਸਬਰ ਦੀ ਲਾਲ ਲਕੀਰ ਟੱਪ ਗਿਆ। ਉਨ੍ਹਾਂ ਨੂੰ ਆਪਣੇ ਸਾਰੇ ਸੁਫਨੇ ਮਿੱਟੀ 'ਚ ਮਿਲਦੇ ਜਾਪੇ। ਇਸ ਕਰ ਕੇ ਉਹ ਆਪਣੇ ਅੰਤਮ ਹਥਿਆਰ ਤੇ ਉੱਤਰ ਆਏ। ਅਚਾਨਕ ਪੰਝੀ-ਤੀਹ ਨਸਲਵਾਦੀ ਸਾਨ੍ਹ ਇਕ ਗਲੀ 'ਚੋਂ ਨਿਕਲ ਜਲੂਸ ਦੇ ਇਕ ਹਿੱਸੇ 'ਤੇ ਟੁੱਟ ਪਏ। ਕਈ ਹੋਰ ਪ੍ਰਬੰਧਕ ਪ੍ਰੋ. ਨਾਲ ਭੱਜੇ, ਪਰ ਉਹ ਉਨ੍ਹਾਂ ਨੂੰ ਜਲੂਸ ਦੀ ਅਗਵਾਈ ਕਰੀ ਜਾਣ ਦਾ ਆਦੇਸ਼ ਦੇ ਕੇ, ਕੱਲਾ ਹੀ ਗੜ-ਬੜ ਵਾਲੀ ਥਾਂ ਵਲ ਭਜ ਤੁਰਿਆ। ਕਿਉਂਕਿ ਇੰਜ ਜਲੂਸ ਆਪ ਮੁਹਾਰਾ ਹੋ ਸਕਦਾ ਸੀ। ਉਂਜ ਵੀ ਉਨ੍ਹਾਂ ਦੀ ਰਾਖੀ ਲਈ ਆਈ ਪੁਲਸ ਦੀ ਹੇੜ ਦੀ ਹੇੜ ਦੇ ਹੁੰਦਿਆਂ ਮਾਰ ਦਾ ਖ਼ਤਰਾ ਹੋ ਸਕਦਾ ਸੀ। ਸੋ ਪ੍ਰਬੰਧਕਾਂ ਵੀ ਬਹੁਤੀ ਜਿੱਦ ਨਾ ਕੀਤੀ।

ਪ੍ਰੋ. ਗੜ-ਬੜ ਵਾਲੀ ਥਾਂ 'ਤੇ ਪੁੱਜਾ ਹੀ ਸੀ ਕਿ ਤਿੰਨਾਂ-ਚਹੁੰ ਨਾਜ਼ੀ ਗੁੰਡਿਆਂ ਉਹਨੂੰ ਗੇਂਦ ਵਾਂਗ ਬੋਚ ਲਿਆ, ਜਿਵੇਂ ਉਹ ਬੱਸ ਉਹਦੀ ਹੀ ਉਡੀਕ 'ਚ ਹੋਣ। ਉਨ੍ਹਾਂ ਉਹਦੇ 'ਤੇ ਅੰਨ੍ਹੇਵਾਹ ਘਸੁੰਨ ਵਰ੍ਹਾਉਣੇ ਸ਼ੁਰੂ ਕਰ ਦਿਤੇ। ਉਸ ਆਪਣੇ ਬਚਾਓ ਲਈ ਹੱਥ ਚੁੱਕਿਆ ਹੀ ਸੀ ਕਿ ਪੁਲਸ ਉਨ੍ਹਾਂ ਵਿਚਕਾਰ ਆ ਪਈ ਤੇ ਉਹਨੂੰ ਹਮਲਾਵਰ ਗਰਦਾਰ ਦੀ ਹੋਈ ਉਹ ਉਹਨੂੰ ਲੱਤਾਂ ਬਾਹਾਂ 'ਤੋਂ ਫੜ੍ਹ ਕੇ ਧੂਹਦੀ, ਧੂਹਦੀ ਥਾਣੇ ਲਿਜਾਣ ਲਈ, ਪੁਲਸ-ਵੈਨ ਵਲ ਲੈ ਤੁਰੀ।

⊙

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's. Finest Indian Grocery Store**

**327-0295**

5125 VICTORIA
DRIVE VANCOUVER

---

# Try Raja's Famous



TANDOORIE CHICKEN
**MAKKI—DI-ROTTI & SAAG**
AT

## Tandori Hut

*LICENSED*

**PHONE: 325-5014**
**7209 Main St. Vancouver**

---

FOR YOUR INSURANCE NEEDS:
SUCH AS —



* **AUTO INSURANCE**
* **BUSINESS**
* **COMMERCIAL**
* **HOME OWNERS**
* **TRAVEL INSURANCE**

*BALDEV SANGRA*
*BUS: (604) 321-4125*
*RES; (604) 687-7711*
*PAGER: 7648*
*RES: 325-5857*

Autoplan

ਹਰ ਪਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ,
ਮਕਾਨ,ਅਤੇ ਕੈਂਪਰ ਆਦਿ ਲਈ ਸਾਡੀਆਂ
ਸੇਵਾਵਾਂ ਹਾਜ਼ਰ ਹਨ।

*W. H. Gallagher Ltd.*

**5186 VICTORIA DR.**
**VANCOUVER, B.C. V5P 3V2**

---

**If you are looking for**
***Quality**
*** Quality**
*** Price**
*** After sale service when buying your car contact**



**Kuldip S. Jhand**

ਕਿਸੇ ਪਰਕਾਰ ਦੀ ਕਾਰ ਖ਼੍ਰੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼੍ਰੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ



**Office**
**521-7731**
**Res. 524-4137**

**WESTMINSTER CHEVROLET-OLDSMOBILE**

12 th Ave. at Queens Ave
New West Minster

# ਵਤਨੋ ਦੂਰ ਦਿਓ (ਵਿੜਕ ਰੱਖਿਓ)

ਹਰਜੀਤ ਦੌਧਰੀਆ

ਅਸੀਂ ਸਰਵ ਹਾਰੇ
ਨਾ ਨਿਰੇ ਪਾੜ੍ਹੇ ਤੇ ਨਾ ਲਿਖਾਰੇ
ਮਾਇਆ ਦੀ ਅੱਨ੍ਹੀ ਗਲੀ 'ਚ ਰਹਿੰਦੇ
ਧਾਤਾਂ ਢਾਲਦੇ, ਡਾਕਾਂ ਛਾਂਟਦੇ
ਇੱਟਾਂ ਪੱਥਦੇ, ਨੀਹਾਂ ਰੱਖਦੇ
ਤੁਰਦੇ ਫਿਰਦੇ
ਲੋਕ ਰਚਨਾ ਵੀ ਰਚ ਲੈਂਦੇ—
ਮਸਾਂ ਜੇ ਬਣ ਜੁੜ ਕੇ
ਭੱਠੀ ਤਾਈ ਹੈ
ਪਰਾਗਾ ਭੁੰਨਿਆ ਹੈ
ਚੱਕੀ ਝੋਈ ਹੈ
ਮੁੱਠ ਮਿੱਸਾ ਆਟਾ ਗੁਨ੍ਹਿਆ ਹੈ
ਕੁਝ ਰੌਣਕ ਹੋਈ ਹੈ
ਸਾਂਨਗੀ ਵੱਜੀ ਹੈ
ਕੁਝ ਤਾਲ 'ਚ ਆਏ ਹਾਂ
'ਜ਼ਫਰਨਾਮੇ' ਦੀ ਹੇਕ ਲੱਗੀ ਹੈ
ਮਸਾਂ ਜੇ ਕੱਚੇ ਖੋਪੇ ਦੀ ਗਿਰੀ ਵਰਗਾ
ਸੁਆਦ ਆਇਆ ਹੈ—
ਪਰ, ਰਾਹੀਂ ਖਹਿੜੀਂ, ਦੂਰ ਦਰੇਡੀਂ
ਅਦਬੀ-ਕਰੂੰਜੜੇ, ਸ਼ਬਦਾਂ ਦੇ ਆੜ੍ਹਤੀਏ
ਨਿਰਮੂਲ ਯਤਨ ਕਰਦੇ
ਸਾਂਝ ਦੇ ਅਰਥ ਮਟੌਣ ਵਾਂਗੂੰ
ਮਾਂ ਬੋਲੀ ਦੀ ਖਿਲੀ ਅੜੌਣ ਵਾਂਗੂੰ
ਬੁੜ੍ਹਿਆਂ ਦੀ ਪੱਗ ਲੌਣ ਵਾਂਗੂੰ
ਤੇ ਬਗਾਨੀ ਸ਼ਾਹ 'ਤੇ ਮੁੱਛਾਂ ਮਨੌਣ ਵਾਂਗੂੰ—
ਭੀੜ ਚੋਂ ਭਾਖਿਆ ਹੋਈ
ਹੇ ਮਨਮੁਖੀਉ, ਹੇ ਪਸ਼ੂਪਤੀਉ ਤੇ ਮੂੜ੍ਹਮਤੀਉ
ਕਦੇ ਮਹਾਨ ਨੀਂ ਹੁੰਦਾ ਕੱਲਾ ਵਿਅਕਤੀ
ਕੱਲਾ ਤਾਂ ਜਿਉਣਾ ਨੀ ਚਾਹੁੰਦਾ ਰੁਖ ਵੀ
ਬੱਗੇ ਸ਼ੇਰ ਘਾ ਨੀਂ ਖਾਂਦੇ ਹੁੰਦੇ
ਪਾਲਤੂ ਕੁੱਤੇ ਵੀ ਘਾ ਨੀਂ ਪਚਾਂਦੇ ਹੁੰਦੇ
ਵਿਸ਼ੇ ਵਕਾਰਾਂ ਦੇ ਥਾਂ ਥਾਂ ਸੰਢ ਲਾਏ
ਰੰਗੀਨ ਰੱਸਿਆਂ ਨਾਲ
ਪ੍ਰੀਤ ਪੀਂਘਾਂ ਚੜੌਣ ਦਾ ਕਿੱਤਾ
ਜਾਤਾਂ ਦੇ ਬਾਲਣ ਤੇ ਧਰਮ ਦੀ ਧੁਖਦੀ ਅੱਗ ਨਾਲ਼
ਨਫਰਤ ਭੜਕੌਣ ਦਾ ਤੇ ਮਨੁਖਤਾ ਜਲੌਣ ਦਾ
ਕੂੜ ਧੰਦਾ, ਬਹੁਤਾ ਚਿਰ ਨਹੀਂ ਚਲਦਾ ਹੁੰਦਾ—
ਹੇ ਕਿਰਤ ਦੀਆਂ ਤਿੱਖੀਆਂ ਕਲਮਾਂ ਵਾਲਿਉ !
ਭਾਵੇਂ ਥੀਵੋ ਜਲ ਥਲ, ਭਾਵੇਂ ਖੋਜੋ ਆਦਿ ਜੁਗਾਦਿ
ਪਰ ਨਾ ਹੋ ਜਾਵੇ
ਰਿੱਧੇ ਚੌਲਾਂ ਦਾ, ਤੱਤੇ ਵੜੇਵਿਆਂ ਵਰਗਾ ਸੁਆਦ—
ਵਿੜਕ ਰੱਖਿਉ !
ਟਰੜ ਕੁਕੜੀ ਕੁੜ ਕੁੜ ਕਿੱਥੇ ਕਰਦੀ ਹੈ
ਤੇ ਆਂਡੇ ਕਿੱਥੇ ਦਿੰਦੀ ਹੈ !
ਕੌਣ, ਕਿਨ੍ਹਾਂ ਨੂੰ ਕੀ ਦਿੰਦੇ ਲੈਂਦੇ ਨੇ
ਬੁਢੀ ਬੋਤੀ ਦੇ ਨਵੇਂ ਬਤਾਰੂ
ਕਿਹੜੇ ਰੁਖ ਬਹਿੰਦੇ ਨੇ !!

# ਔਲੋ

ਹਰਜੀਤ ਦੌਧਰੀਆ

ਵੇਖੋ
ਨਵੇਂ ਤੱਕੜਾਂ 'ਤੇ ਤੋਲ ਤੁਲਦੇ
ਭਾਈਚਾਰੇ ਦੀ ਪਰ੍ਹੇ ਵਿੱਚ
ਉਂਜ ਤਾਂ ਹਰ ਕੋਈ ਆਥਣ ਸਵੇਰ ਤੁਲੇ
ਪਰ ਭਤੀਜ ਹੋਰਾਂ ਦੇ ਭਾਰ
ਦੂਣੀਉਂ ਇਕ ਦਮ ਆਦੀ ਹੋਏ—
ਹੁਣ ਏਹੋ ਸੰਸਾ ਵਢੇ
ਉਂਜ ਤਾਂ ਵਾਟ ਹਰ ਕੋਈ ਕਰੇ
ਪਰ ਹੁਣ ਇਹ ਰਾਹ ਜਾਂਦੇ
ਪੁੱਨਿਆਂ ਦੀ ਰਾਤੇ
ਰੋੜ ਨੂੰ ਦਰਿਆ ਦਸਦੇ
ਬਿਨ ਪਾਣੀਉਂ ਮੌਜੇ ਖੋਲਦੇ—
ਅਸਲੀ ਤਾਂ
ਵਿਚੋਂ ਇਹ ਭਣੇਵੇਂ
ਹਨ ਵਡੇ ਸ਼ਰੀਕੇ ਨੇ ਚੁੱਕੇ
ਤਾਂਹੀ ਤਾਂ ਹੋਸ਼ੀ ਤੋਂ ਹੋਛੇ ਹੋਏ
ਸੜੀ ਤੋਂ ਕੋੜੇ ਹੋਏ —
ਆਂਢੀ ਗੁਆਂਢੀ ਕੰਧਾਂ ਕੌਲੇ ਟੱਪੇ
ਪੰਜਸ਼ੀਲਤਾ ਦੀ ਅਵੱਗਿਆ 'ਤੇ
ਭਰੱਪੇ ਦੇ ਮੱਥੇ ਠਣਕੇ
ਉਹਨਾਂ ਹਾਰ ਕੇ ਹੂਲਾ ਫੱਕਿਆ
ਰੋਂਦੂ ਰੌਲੀ ਟੋਲਾ ਹੱਸਿਆ
ਪਟੜੀ ਫੇਰ ਕਚੀਰ੍ਹੇ ਹੋਏ —
ਦੇਖੋ ਬਈ
ਇਹ ਕੇਹੀ ਔਲੋ
ਇਹ ਕੇਹੀ ਇਲੱਤ
ਸ਼ੋਹਦੇ ਹੋਏ ਕੋੜਵੇਂ ਦੀ
ਗੰਭੀਰ ਦਸ਼ਾ 'ਤੇ
ਸੰਸਾਰ ਦੇ ਬੁੜ੍ਹਿਆਂ ਦੀ ਸਿਆਣਪ
ਕਦੇ ਤਿਉੜੀਆਂ ਪੌਂਦੀ
ਤੇ ਕਦੇ ਮੁਸ਼ਕੜੀਆਂ ਹਸਦੀ

# ਕਿਆਸ ਕਰੀਂ

## ਹਰਜੀਤ ਦੌਧਰੀਆ

ਮੇਰੀ ਜਿਗਰੀ ਦੋਸਤ !
ਚਿਰਾਂ ਤੋਂ ਲੱਮੀਆਂ ਪੈ ਚੁੱਕੀਆਂ ਤੇ ਦੱਬੀਆਂ ਹੋਈਆਂ
ਹਕੀਕਤਾਂ ਦਾ ਉੱਤਰ ਦਿੰਦਿਆਂ ਮਹਿਸੂਸ ਕਰਦਾ ਆਂ
ਕਿ ਅਕਸਰ ਵਾਕਿਆਤ ਅਤੇ ਹਾਲਾਤ ਦੇ ਮੋੜੇ ਲਾਂਦਿਆਂ
ਤੇ ਵਕਤੀ ਝਮੇਲਿਆਂ 'ਚ ਅਕੇਵਾਂ ਜ਼ਰੂਰ ਆ ਜਾਂਦਾ ਰਿਹੈ
ਤੇ ਥਕੇਵਾਂ ਵੀ—
ਕਈ ਵੇਰ ਤਾਂ ਪਲਾਂ ਦੀ ਮਜਬੂਰੀ ਮੂਹਰੇ ਆਣ ਖੜੋਂਦੀ ਐ
ਕੁਝ ਸਿਕਿੱਆਂ ਦੀ ਪੇਸ਼ਕਸ ਦੀ ਗੱਲ
ਭਾੜੇ ਦੇ ਟੱਟੂ ਦੇ ਕਰਨ ਵਾਂਗ ਚੁਭਦੀ ਐ—
ਮੇਰਾ ਤੈਨੂੰ ਜਤੋਣ ਦਾ ਭਾਵ ਹਰਗਿਜ਼ ਨਹੀਂ
ਕਿ ਖਾਹਮਖਾਹ ਪੈਸਿਆਂ ਦੀਆਂ ਟਕੋਰਾਂ ਕਰਾਂ
ਜਾਂ ਤੇਰਾ ਪਰਤਿਆਵਾ ਲੈ ਕੇ ਤੇਰਾ ਨਿਰਾਦਰ ਕਰਾਂ
ਇਹ ਤਾਂ ਵਚਨਾਂ ਦੀਆਂ ਆਪਸੀ ਹੋਈਆਂ ਸੰਧੀਆਂ ਨੇ
ਜੋ ਪੀੜੀਆਂ ਹੋ ਚੁੱਕੀਆਂ ਨੇ—
ਕੋਈ ਵੀ ਚੀਜ਼ ਇਕ ਥਾਂ 'ਤੇ ਬੱਝੀ ਨਹੀਂ ਰਹਿ ਸਕਦੀ
ਕੀਤੇ ਸਮਝੌਤੇ ਕਿਸੇ ਤਿੱਖੇ ਵਿਰੋਧ ਦੇ ਕਾਰਨ
ਮਿਆਦੋਂ ਪਹਿਲਾਂ ਟੁੱਟ ਵੀ ਜਾਂਦੇ ਨੇ——
ਕਈ ਵੇਰ ਆਪਸੀ ਗੁੱਸਿਆਂ ਗਿਲਿਆਂ ਦਾ ਜਮ੍ਹਾਂ ਹੁੰਦੇ ਜਾਣਾ
ਕੁਆਰੀ ਕੁੜੀ ਦੇ ਭੋਲਪੁਣੇ ਵਿਚ ਗਰਭ ਦੇ ਹੋਣ ਵਾਂਗੂੰ ਹੋ ਜਾਂਦੈ—
ਪਰ ਨਾਲ ਦੀ ਨਾਲ ਕਹਿ ਕੂਹਾ ਕੇ
ਸ਼ਿਕਵਿਆਂ ਦੀਆਂ ਤਿੱਖੀਆਂ ਸ਼ਿਲਤਾਂ 'ਤੇ
ਪਰਖ ਪੜਚੋਲ ਦਾ ਤੇਜ਼ ਰੰਦਾ ਫੇਰਦੇ ਰਹਿਣਾ
ਸਾਬਣ ਲਾਕੇ ਲੀੜੇ ਤੋਂ ਮੈਲ ਦੇ ਕਢਣ ਵਾਂਗੂੰ ਹੋ ਜਾਂਦੈ—
ਫੇਰ ਨਾ ਯਾਰੀ ਦੇ ਟੁੱਟਣ ਦਾ ਧੁੜਕੂ
ਨਾ ਨਜਾਇਜ਼ ਵਰਤੇ ਜਾਣ ਦੀ ਸ਼ਕਾਇਤ
ਨਾਹੀਂ ਕੱਚੇ ਗਰਭ ਡਿੱਗਣ ਦਾ ਸੰਸਾ—
ਤੂੰ ਵਤਨ ਦੇ ਭਾਈਆਂ-ਪੰਡਤਾਂ-ਕਾਜ਼ੀਆਂ ਦੀ
ਸਿਆਸੀ ਡਾਵਾਂ ਡੋਲਤਾ ਅਤੇ ਕੁੰਜ ਦੇ ਬਦਲਨ ਦੀ ਗੱਲ ਕੀਤੀ ਐ
ਇਹ ਉਹੀ ਉੱਤਰ-ਕਾਟੋ-ਮੈਂ-ਚੜ੍ਹਾਂ ਵਾਲੇ ਪੁਰਾਣੇ ਡਰਾਮੇ ਨੇ
ਜਿਹੜੇ ਸਮੇਂ ਸਮੇਂ ਕੀਤੇ ਹੀ ਜਾਂਦੇ ਨੇ
ਗਰੀਬ ਦਾਸਾਂ ਨਾਲ ਖਰਾਬੀਆਂ ਕਰਨ ਕਰਨ ਲਈ ਵੱਖ ਵੱਖ ਲਬਾਸਾਂ 'ਚ
ਬਦਮਾਸ਼ੀਆਂ ਕਰਨ ਦੀਆਂ
ਕਾਨੂੰਨੀ ਇਜਾਜ਼ਤਾਂ ਲੈਣ ਦੀਆਂ ਕਾਰਵਾਈਆਂ ਨੇ
ਤੇ ਨਿਰਨੇ ਕਾਲਜਿਆਂ ਦੇ ਮੂੰਹਾਂ ਚੋਂ
ਬੁਰਕੀਆਂ ਦੀਆਂ ਦਿਨ ਦਿਹਾੜੇ ਖੋਹਾਂ ਦੀਆਂ ਤੇਜ਼ ਮੁਹਿਮਾਂ ਨੇ—
ਇਹਨਾਂ ਬੇਦੀਨਿਆਂ ਦਾ ਰਾਤੋ ਰਾਤ ਭਾਈ, ਮੁੱਲਾਂ ਬਣ ਖੜੋਂਦੇ
ਤੇ ਅਰਦਾਸ, ਨਿਮਾਜ਼ ਬਣ ਬੈਠਦੀ ਐ
ਸਹਿਮ ਉਠ ਖੜੋਵੇ
ਕਾਵਾਂ-ਰੌਲੀ ਹੱਕ ਨਿਆਂ ਦੀ ਅਵਾਜ਼ ਬਣ ਕੇ
ਇੱਕਸਾਰ ਗੂੰਜ ਪਵੇ
ਰੰਡੀਆਂ ਮਾਂਵਾਂ ਦੇ ਕੀਰਨੇ ਹੋਣ ਵਾਲੇ ਜਹਾਦ ਦੇ
ਦਲੇਰ ਗੀਤ ਬਣ ਉੱਠਣ
ਕੁੜੇ ਵਾਲੀਆਂ ਦੇ ਨੌਹਾਂ ਚੋਂ ਗੋਹਾ ਨਿਕਲ ਕੇ
ਖਾਣ ਸੂਰਿਆਂ ਦੇ ਚਿੱਟਿਆਂ ਲਬਾਸਾਂ 'ਤੇ ਥੱਪਿਆ ਜਾਵੇ——
ਇਹ ਵੀ ਹੋ ਸਕਦੈ ਕਿ ਮਸੂਮਾਂ ਦੀਆਂ ਜੀਭਾਂ ਤੇ ਛਾਲੇ ਫੁੱਟ ਪੈਣ
ਤੇ ਧਨਪਤਾਂ ਲਈ ਜ਼ਹਿਰੀਲੇ ਡੰਗ ਬਣ ਜਾਣ
ਪਿੰਡਾਂ ਸ਼ਹਿਰਾਂ ਦੀਆਂ ਉਦਾਸ ਝੁੱਗੀਆਂ
ਨਿਝੱਕ ਹੋ ਕੇ ਅਭਿਮਾਨੀਆਂ ਮੂਹਰੇ ਬੋਲਣ ਲੱਗ ਪੈਣ—
ਕਈ ਵੇਰ ਚੁੱਪ ਜਵਾਬੀ ਹਮਲਾ ਹੋ ਜਾਂਦੈ
ਤੇ ਜਵਾਬ, ਸਵਾਲੀਆ ਫਿਕਰਾ ਬਣ ਤੁਰਦੈ
ਮੈਂ ਤੇਰੀ ਕਹੀ ਵਿਸੱਰਿਆ ਨਹੀਂ
ਸੱਚ ਜਾਣੀ !
ਕਦੇ ਕਦੇ ਕੱਚੀ ਫਸਲ ਦੇ ਵਢਣ ਵਾਂਗੂੰ ਹੋ ਜਾਂਦੈ
ਤੇ ਦਾਤੀ ਦੇ ਫਿਰਨ ਮਗਰੋਂ ਲਹੂ-ਪਾਣੀ ਸਿੰਮ ਪੈਂਦੈ—
ਇਹ ਜ਼ਰੂਰੀ ਨਹੀਂ ਕਿ ਸਦਾ ਇਕਸਾਰਤਾ ਹੀ ਰਹੇ
ਕਈ ਵੇਰ ਗੱਚ ਭਰ ਔਂਦੈ
ਤੇ ਧਰਤੀ 'ਚ ਧੁਸ ਜਾਣ ਨੂੰ ਦਿਲ ਕਰਦੈ
ਕਈ ਵੇਰ ਸ਼ੀਹ ਮਕੱਦਮਾਂ ਦੇ ਖਲਾਫ ਰੋ ਚੜ੍ਹਦੈ
ਤੇ ਉੜ੍ਹੂੰ ਉੜ੍ਹੂੰ ਕਰਨ ਨੂੰ ਵੀ ਜੀ ਕਰਦੈ—
ਇਹ ਜ਼ਰੂਰੀ ਨਹੀਂ ਕਿ ਤੂੰ ਕੱਲੀ ਹੀ ਹਾਲਾਤ ਨੂੰ ਨਿਗਲ ਲਵੇਂ
ਤੇ ਐਨੀ ਦਾਬੂ ਹੋ ਜਾਵੇਂ
ਕਿ ਅਗ੍ਹਾਂ ਝੂਰਨੋਂ ਈਂ ਰਹਿ ਜਾਵੇਂ
ਜੋ ਕੁਝ ਵੀ ਕਰੀਂ ਅਪਣੇ ਵਿਸ਼ਵਾਸ਼ ਚੋਂ ਕਰੀਂ
ਐਵੇਂ ਭੇਲਸੇ 'ਚ ਆਕੇ ਜ਼ਮੀਰ ਨਾ ਮਾਰੀਂ
ਬੱਸ ਇਹ ਗੱਲ ਸਦਾ ਯਾਦ ਰੱਖੀਂ
ਹਮਜਮਾਤੀਆਂ ਨੂੰ ਪਿੱਠ ਦਖਾ ਕੇ ਵਿਸ਼ਵਸ਼ਘਾਤ ਨਾ ਕਰੀਂ !
ਅਪਣੇ ਪਵਿੱਤ੍ਰ ਇਤਕਾਦ 'ਤੇ ਝਰੀਟ ਨਾ ਆਣ ਦੇਵੀਂ
ਦੇਖੀਂ !
ਕਿਤੇ ਸ਼ਤਾਨ ਦੀ ਕਾਤਿਲ ਨਿਗ੍ਹਾ ਨਾਲ
ਵਫ਼ਾ ਦਾ ਵਢਾਂਗ ਨਾ ਕਟਵਾ ਲਵੀਂ
ਮੇਰੀ ਜਿਗਰੀ ਦੋਸਤ !
ਇਧਰ ਉਧਰ ਦੀ ਵਿੜਕ ਰੱਖੀਂ 'ਤੇ ਜ਼ਮੀਰ ਨਾ ਮਾਰੀਂ !!

ਪੰਜਾਬ ਰੈਸ਼ਨਲਿਸਟ ਐਸੋਸੀਏਸ਼ਨ, ਵੈਨਕੂਵਰ ਦੀ ਪਿਛਲੇ ਦਿਨੀਂ ਹੋਈ ਸਾਲਾਨਾ ਮੀਟਿੰਗ ਵਿਚ ਹੇਠ ਲਿਖੇ ਅਹੁਦੇਦਾਰ ਚੁਣੇ ਗਏ :

ਪ੍ਰਧਾਨ: ਤਰਸੇਮ ਸਰੋਤਾ
ਮੀਤ ਪ੍ਰਧਾਨ: ਸੁਖਦੇਵ ਮਾਹਲ
ਖਜ਼ਾਨਚੀ: ਸੁਰਿੰਦਰ ਤੂਰ
ਸਕੱਤਰ: ਹਰਜੀਤ ਚੰਦ

ਇਹ ਐਸੋਸੀਏਸ਼ਨ ਵੈਨਕੂਵਰ ਵਿੱਚ ਪਿਛਲੇ ਅੱਠਾਂ ਸਾਲਾਂ ਤੋਂ ਪੰਜਾਬੀ ਸਭਿਆਚਾਰ ਨੂੰ ਉੱਚਾ ਚੁੱਕਣ ਦਾ ਕੰਮ ਕਰ ਰਹੀ ਹੈ। ਕੋਈ ਵੀ ਦਿਲਚਸਪੀ ਰੱਖਣ ਵਾਲਾ ਸੱਜਣ ਮਿਲਣਾ ਚਾਹੇ ਜਾਂ ਕੋਈ ਕੰਮ ਕਰਨਾ ਚਾਹੁੰਦਾ ਹੋਵੇ, ਉਸ ਨੂੰ ਐਸੋਸੀਏਸ਼ਨ ਵੱਲੋਂ ਖੁੱਲ੍ਹਾ ਸੱਦਾ ਹੈ। ਸੰਪਰਕ ਪੈਦਾ ਕਰਨ ਲਈ ਹਰਜੀਤ ਚੰਦ ਨੂੰ 874-1064 ਤੇ ਫੋਨ ਕਰੋ।

*ਕਹਾਣੀ*

# ਪਰਤਾਪੇ ਦਾ ਦਿਆਲਾ

ਪ੍ਰੀਤਮ ਸਿੱਧੂ

ਦਸੰਬਰ ਦੇ ਮਹੀਨੇ ਦੀ ਸਰਦੀ, ਹਵਾ ਦੇ ਠੰਢੇ ਸੀਤ ਬੁਲਿਆਂ ਕਾਰਨ ਅਸਹਿ ਹੁੰਦੀ ਜਾ ਰਹੀ ਸੀ। ਪਾਰਕ ਦੇ ਹਰੇ ਕਚੂਰ ਘਾਹ ਉੱਤੇ ਦੋ ਦਿਨ ਪਹਿਲੋਂ ਪਈ ਬਰਫ਼ ਦਾ ਰੰਗ ਗੂੰਦ ਕਤੀਰਾ ਵਰਗਾ ਹੋ ਚੁੱਕਿਆ ਸੀ। ਤੇਜ਼ ਹਵਾ ਅਤੇ ਦੋ ਦਿਨਾਂ ਦੀ ਲੱਗੀ ਝੜੀ ਦੇ ਸਾਂਝੇ ਹੱਲੇ ਨੇ ਬਰਫ਼ ਦੀ ਅਜਿਹੀ ਘਾਣੀ ਕੀਤੀ ਪਈ ਸੀ ਕਿ ਛੋੜੀ ਕੀਤਿਆਂ ਪਸ਼ੂ ਵੀ ਇਸ ਗਚਿਆਣ ਵਿਚ ਪੈਰ ਰੱਖਣ ਤੋਂ ਨੱਕ ਬੁਲ੍ਹ ਮਾਰਦਾ। ਬਿਛਾ ਦੀਆਂ ਸੰਘਣੀਆਂ ਟਾਹਣੀਆਂ ਵਿੱਚ ਪੰਛੀ ਜਿਵੇਂ ਕਿਸੇ ਬੰਦਗੀ ਵਿਚ ਲੀਨ ਹੋਏ ਜਾਪਦੇ ਸਨ। ਮੋਟੇ ਮੋਟੇ ਟਾਹਣਿਆਂ ਨੂੰ ਜੱਫੀ ਪਾਈ ਬੈਠੀ ਬਰਫ਼ ਦੀ ਕਰਿੰਗੜੀ ਢਿੱਲੀ ਹੋ ਕੇ ਉਹ ਗ਼ਰੀਬ ਦੇ ਕੱਚੇ ਘਰ ਦੀਆਂ ਕੰਧਾਂ ਤੇ ਲਿਉੜਾਂ ਵਾਂਗ ਕੂੰਜੇ ਡਿੱਗ ਰਹੀ ਸੀ। ਸਾਰੀ ਪਾਰਕ ਕਿਸੇ ਸੋਗ ਵਿਚ ਜਵਾਨ ਵਿਧਵਾ ਵਾਂਗ ਚਿੱਟੀ ਚਾਦਰ ਲਈਂ ਮੁਰਕੜੀ ਮਾਰੀ ਬੈਠੀ ਸੀ।

ਮੈਂ ਆਪਣੇ ਓਵਰਕੋਟ ਦੀਆਂ ਜੇਬਾਂ ਵਿਚ ਹੱਥ ਪਾਈਂ ਪਾਰਕ ਦੀਆਂ ਸੜਕਾਂ ਉੱਤੇ ਫਿਰਦਾ ਇੰਜ ਮਹਿਸੂਸ ਕਰ ਰਿਹਾ ਸਾਂ ਜਿਵੇਂ ਲੰਡਨ ਦੀ ਥਾਂ ਸਾਇਬੇਰੀਆ ਵਿਚ ਹੋਵਾਂ। ਇਕ ਅੰਗਰੇਜ਼ ਗੋਡਿਆਂ ਤੀਕ ਬੂਟ ਚਾੜ੍ਹੀਂ, ਆਪਣੇ ਸ਼ੇਰਾਂ ਵਰਗੇ ਕੁੱਤਿਆਂ ਨੂੰ ਸੈਰ ਕਰਵਾ ਰਿਹਾ ਸੀ। ਮੀਂਹ ਜਿਵੇਂ ਥੱਕ ਕੇ ਘੜੀ ਪਲ ਲਈ ਦਮ ਲੈ ਰਿਹਾ ਸੀ। ਫੇਰ ਅੱਖ ਦੇ ਫੋਰੇ ਵਿਚ ਹੀ ਚੜ੍ਹਦੇ ਪਾਸਿਉਂ ਸ਼ਾਹ ਕਾਲੇ ਬੱਦਲਾਂ ਨਾਲ ਸੰਘਣਾ ਹਨੇਰਾ ਹੋ ਗਿਆ। ਬ੍ਰਿਛਾਂ ਵਿਚ ਬੈਠੇ ਪੰਛੀ ਡਰੇ ਹੋਏ ਬੱਚੇ ਵਾਂਗ ਸਹਿਮ ਗਏ। ਸੈਰ ਕਰਦੇ ਹੋਏ ਲੋਕ ਕਾਹਲੀ ਕਾਹਲੀ ਕਿਸੇ ਓਟ ਵਾਲੀ ਥਾਂ ਵਲ ਨੂੰ ਹੋ ਤੁਰੇ। ਮੈਂ ਵੀ ਲੰਬੇ ਕਦਮੀਂ ਪਾਰਕ ਦੇ ਖੂੰਜੇ ਵਿਚ ਬਣੀ ਇਕ ਕੋਠੜੀ ਵਿਚ ਜਾ ਵੜਿਆ। ਮਿੰਟਾਂ ਵਿਚ ਹੀ ਅਕਾਸ਼ ਦੀ ਡੋਲ਼ੀ ਪਾਟ ਗਈ। ਮੀਂਹ ਨੇ ਪਾਰਕ ਨੂੰ ਅੱਖ ਦੇ ਫੋਰੇ ਵਿਚ ਜਲ ਥਲ ਕਰ ਦਿੱਤਾ।

ਇਸ ਕੋਠੜੀ ਦੇ ਠੰਢੇਠਾਰ ਫਰਸ਼ ਉੱਤੇ ਇੱਕ ਖੂੰਜੇ ਵਿਚ ਦੇਸੀ ਬਾਬਾ ਗੁੰਮ ਸੁੰਮ ਹੋਇਆ ਬੈਠਾ ਸੀ। ਫੌਜੀਆਂ ਵਾਲੀ ਬਰਾਂਡੀ ਦੇ ਕਾਲਰਾਂ ਨਾਲ ਉਸ ਨੇ ਆਪਣੇ ਮੂੰਹ ਦਾ ਅੱਧਾ ਕੁ ਹਿੱਸਾ ਢਕਿਆ ਹੋਇਆ ਸੀ। ਟਿਕਟਿਕੀ ਬੰਨ੍ਹੀ ਉਹ ਸਾਹਮਣੀ ਕੰਧ ਵਲ ਵੇਖੀ ਜਾ ਰਿਹਾ ਸੀ। ਉਸਦੇ ਸਿਰ ਉਤੇ ਬੰਨ੍ਹੀ ਮਲਮਲ਼ ਦੀ ਪੱਗ ਦਾ ਰੰਗ ਮੈਲਖੋਰੇ ਲੱਠੇ ਵਰਗਾ ਹੋ ਚੁੱਕਿਆ ਸੀ। ਦਾਹੜੀ ਉਸਨੇ ਬੜੀ ਬੇਦਿਲੀ ਨਾਲ ਤਰਾਸ਼ੀ ਹੋਈ ਸੀ। ਦਾਹੜੀ ਦਾ ਰੰਗ ਜਿਵੇਂ ਕਿਸੇ ਗਰੀਬਨ ਦੀਵਾਲੀ ਸਮੇਂ ਸ਼ਰਮੋਂ ਸ਼ਰਮੀਂ ਧੁਆਖੀਆਂ ਕੰਧਾ ਉੱਤੇ ਪਤਲੀ ਕਲੀ ਦੀ ਕੂਚੀ ਮਾਰ ਦਿੱਤੀ ਹੋਵੇ। ਉਹ ਬਿਨਾਂ ਗਰਦਨ ਘੁਮਾਇਆਂ ਹਾਲੀ ਭੀ ਸਾਹਮਣੀ ਕੰਧ ਵਲ ਝਾਕੀ ਜਾ ਰਿਹਾ ਸੀ। ਉਸਨੂੰ ਮੇਰੇ ਆਏ ਦੀ ਜਿਵੇਂ ਕੋਈ ਸੂੰਦਕ ਹੀ ਨਹੀਂ ਸੀ।

ਮੀਂਹ ਰਤਾ ਕੁ ਘਟਿਆ ਤਾਂ ਮੈਂ ਘਰ ਪਰਤਣ ਲਈ ਹਾਲੀ ਕੁਝ ਕਦਮ ਹੀ ਪੁੱਟੇ ਸਨ ਕਿ ਪਿੱਛੋਂ ਇਸ ਤਰ੍ਹਾਂ ਅਵਾਜ਼ ਆਈ ਜਿਵੇਂ ਵੱਢਿਆ ਟੁੱਕਿਆ ਪੂਰਨ ਖੂਹ ਵਿਚੋਂ ਹੂੰਗਾ ਮਾਰ ਰਿਹਾ ਹੋਵੇ। ਮੈਂ ਪਿੱਛੇ ਮੁੜ ਕੇ ਵੇਖਿਆ ਤਾਂ ਉਹੋ ਹੀ ਬਾਬਾ ਮੇਰੀ ਵਾਲੀ ਥਾਂ ਉੱਤੇ ਖੜਾ ਮੇਰੀ ਵਲ ਝਾਕ ਰਿਹਾ ਸੀ। ਮੈਂ ਸਹਿਮਿਆਂ ਜਿਹਾ ਉਸ ਵਲ ਪਰਤ ਆਇਆ। ਬਾਬਾ ਫਿਰ ਖੂੰਜੇ ਵਿਚ ਗੁੰਮ ਸੁੰਮ ਹੋ ਕੇ ਬੈਠ ਗਿਆ। ਉਸਦੇ ਖੱਬੇ ਪੈਰ ਦੇ ਬੂਟ ਵਿਚ ਹੋਈ ਚਾਂਦੀ ਦੇ ਰੁਪਈਏ ਜਿਡੀ ਮੋਰੀ ਅਤੇ ਸੱਜੇ ਪਹੁੰਚੇ ਤੋਂ ਮੋਟੇ ਮੋਟੇ ਤੋਪਿਆਂ ਨਾਲ ਸੀਤੀ ਹੋਈ ਪੈਂਟ ਵੇਖ ਸਕਦਾ ਸਾਂ।

"ਬਾਬਾ ਜੀ ਤੁਸੀਂ ਮੈਨੂੰ ਬੁਲਾਇਆ ਸੀ? ਮੈਂ ਨੇੜੇ ਹੁੰਦਿਆ ਪੁੱਛਿਆ" ਮੈਂ ਸੋਚਿਆ ਬਈ ਸ਼ੈਤ ਆਪਣੀ ਬਾਤ ਨਾ ਜਾਣਦਾ ਹੋਵੇ। ਫਰ ਖਿਆਲ ਆਇਆ ਬਈ ਬਾਜ ਮਾਰ ਕੇ ਦੇਖ ਲੈਨੇ ਆ ਜੇ ਆਪਣਾ ਭਾਈ-ਬੰਦ ਹੋਇਆ ਤਾਂ ਆਪੇ ਸਮਝਲੂ ਨਹੀ ਨਾਂ ਸਹੀ।" ਬਾਬੇ ਨੇ ਕੱਛੂਕੁਮੇਂ ਵਾਗੂੰ ਆਪਣੀ ਸਿਰੀ ਬਰਾਂਡੀ ਦੇ ਕਾਲਰਾਂ ਵਿਚੋਂ ਬਾਹਰ ਕਢਦੇ ਨੇ ਆਖਿਆ, "ਪਿੱਛੋਂ ਕਿੱਥੋਂ ਐਂ?" ਬਾਬੇ ਨੇ ਗਲ ਤੋਰਨ ਲਈ ਪੁੱਛਿਆ। "ਲੁਧਿਆਣਾ ਜ਼ਿਲਾ ਮੇਰਾ ਬਾਬਾ।" ਬਾਬੇ ਦੇ ਨੇੜੇ ਠੰਢੇਸੀਤ ਫਰਸ਼ ਉੱਤੇ ਬੈਠਦਿਆਂ ਮੈਂ ਉੱਤਰ ਦਿੱਤਾ, "ਬਾਬਾ ਤੂੰ ਏਥੇ ਕੱਲਾ ਈ ਐਂ ਕਿ..." "ਮੇਰਾ ਪੁੱਤ ਦਿਆਲਾ ਤੇ ਮੇਰੀ ਨੂੰਹ ਬੀ ਹੈਗੇ। ਉਹ ਬਿੰਡਸਰ ਰੋਡ ਤੇ ਰਹਿੰਦੇ ਨੇ। ਕੰਮ ਉਦਾਂ ਉਹ ਬਿਸਕੁਟਾਂ ਆਲੀ ਫੈਕਟਰੀ 'ਚ ਕਰਦੈਂ।" ਬਾਬੇ ਨੇ ਮੈਨੂੰ ਵਿੱਚੋਂ ਹੀ ਟੋਕ ਕੇ ਉੱਤਰ ਦਿੱਤਾ।

ਦਿਆਲੇ ਦਾ ਨਾਂਅ ਅਤੇ ਬਿਸਕੁਟਾਂ ਵਾਲੀ ਫੈਕਟਰੀ ਸੁਣਕੇ ਮੈਨੂੰ ਕਈ ਕੁਝ ਯਾਦ ਆ ਗਿਆ। ਮੈਂ ਵੀ ਛੇ ਕੁ ਮਹੀਨੇ ਇਕ ਫੈਕਟਰੀ ਵਿਚ ਕੰਮ ਕਰ ਆਇਆ ਸੀ। ਦਿਆਲਾ ਮੇਰੇ ਨਾਲ ਦੀ ਮਸ਼ੀਨ ਉੱਤੇ ਕੰਮ ਕਰਦਾ ਸੀ। ਚੁੱਪ ਗੜੁੱਪ ਉਹ ਆਪਣੇ ਕੰਮ ਵਿਚ ਰੁਝਿਆ ਰਹਿੰਦਾ ਸੀ। ਪਿੱਠ ਪਿੱਛੇ ਸਾਰੇ ਉਸਨੂੰ ਪਰਤਾਪੇ ਦਾ ਦਿਆਲਾ ਕਹਿੰਦੇ ਸਨ।

ਇਕ ਦਿਨ ਡਿਨਰ ਦੀ ਛੁੱਟੀ ਸਮੇਂ ਰੇਸ਼ਮ, ਦਿਆਲੇ ਦਾ ਪੇਂਡੂ ਮੇਜ਼ ਉਤੇ ਬੈਠਾ ਪਰਤਾਪੇ ਦੇ ਦਿਆਲੇ ਵਾਲੀ ਕਹਾਣੀ ਬੜੇ ਮਜ਼ੇ ਲੈ ਲੈ ਦੂਜਿਆਂ ਨੂੰ ਸੁਣਾ ਰਿਹਾ ਸੀ।

ਦਿਆਲੇ ਦੇ ਪਿਉ ਭਾਨ ਸਿੰਘ ਕੋਲ ਬੜੀ ਹੀ ਥੋੜੀ ਜ਼ਮੀਨ ਸੀ। ਉਹ ਰੋਟੀ ਖੁਣੋਂ ਤੰਗ ਆਇਆ ਫੌਜ ਵਿਚ ਭਰਤੀ ਹੋ ਗਿਆ। ਉਸਦੇ ਵਿਆਹ ਹੋਏ ਨੂੰ ਮਸਾਂ ਹਾਲੀ ਕੁਝ ਹੀ ਮਹੀਨੇ ਹੋਏ ਸਨ। ਭਾਨੇ ਦੇ ਬੁਢੇ ਪਿਉ ਬਿਨਾਂ ਘਰ ਵਿਚ ਹੋਰ ਕੋਈ ਜੀ ਨਹੀਂ ਸੀ। ਦੂਜੀ ਵੱਡੀ ਜੰਗ ਲੱਗਣ ਕਾਰਨ ਭਾਨਾ ਦੋ ਸਾਲ ਫੌਜ ਵਿਚੋਂ ਘਰ ਨਾ ਮੁੜਿਆ। ਭਾਨੇ ਦੀ ਵਹੁਟੀ ਕਰਤਾਰੀ ਹਾਲੀ ਭਰ ਜਵਾਨੀ ਵਿਚ ਸੀ। ਫੈਸ਼ਨ ਉੱਚੀ ਅੱਡੀ ਵਾਲੇ ਸੈਂਡਲ ਪਾਕੇ ਪਿੰਡ ਵਿਚ ਵਰੋਲੇ ਵਾਂਗ ਫਿਰਦੀ। ਪਿੰਡ ਦੇ ਛੜੇ ਛਾਂਡ ਕਰਤਾਰੀ ਵਲ ਵੇਖਕੇ ਮੁੱਛਾਂ ਨੂੰ ਵਟੇ ਦਿੰਦੇ ਅਤੇ ਨਿੱਕੇ ਨਿੱਕੇ ਖੰਘੂਰੇ ਮਾਰ ਛੱਡਦੇ। ਪਰ ਉਹ ਸਭ ਨੂੰ ਟਿੱਚ ਜਮਝਦੀ।

ਪਰਤਾਪਾ ਘਰਾਂ ਵਿਚੋਂ ਕਰਤਾਰੀ ਦਾ ਦਿਉਰ ਲਗਦਾ ਸੀ। ਉਸ ਨੇ ਆਪਣੇ ਹਿੱਸੇ ਦੇ ਚਾਰ ਸਿਆੜ ਅਫ਼ੀਮ ਰਾਹੀਂ ਮੁਕਾ ਛੱਡੇ ਸਨ। ਉਹ ਚਿੱਟਾ ਚਾਦਰਾ ਬੰਨ੍ਹੀ ਸਾਰਾ ਦਿਨ ਮੋੜਾਂ ਉਤੇ ਬੈਠਾ ਲੋਕਾਂ ਦੀਆਂ ਨੂੰਹਾਂ ਧੀਆਂ ਤਾੜਦਾ ਰਹਿੰਦਾ। ਪਰਤਾਪਾ ਵੇਲੇ ਕੁਵੇਲੇ ਕਰਤਾਰੀ ਦੀ ਬੂਰੀ ਮੱਝ ਲਈ ਪੱਠਾ ਦੱਥਾ ਵੀ ਲਿਆ ਛੱਡਦਾ। ਇਕ ਜਵਾਨੀ ਅਤੇ ਵਿਛੋੜੇ ਦੀ ਸਤਾਈ ਹੋਈ ਕਰਤਾਰੀ ਪਰਤਾਪੇ ਹੱਥੋਂ ਡੰਗੀ ਗਈ। ਜਦੋਂ ਭਾਨਾ ਫੌਜ ਵਿਚੋਂ ਦੋ ਮਹੀਨਿਆਂ ਦੀ ਛੁਟੀ ਆਕੇ ਮੁੜ ਗਿਆ ਤਾਂ ਅਗਲੇ ਹੀ ਮਹੀਨੇ ਦਿਆਲੇ ਦਾ ਜਨਮ ਹੋ ਗਿਆ। ਪਿੰਡ ਵਿਚ ਇਹ ਕੋਈ ਹੈਰਾਨੀ ਵਾਲੀ

ਗੱਲ ਨਹੀਂ ਸੀ। ਤਾਂ ਏਸ ਨੂੰ ਕਹਿੰਦੇ ਨੇ ਪਰਤਾਪੇ ਦਾਂ ਦਿਆਲਾ। ਟੋਸ਼ਮ ਗੱਲ ਸੁਣ ਕੇ ਹਟਿਆ ਤਾਂ ਸਾਰੇ ਹੱਥ ਉਤੇ ਹੱਥ ਮਾਰ ਕੇ ਹੱਸ ਪਏ।

ਦਿਆਲਾ ਡਿਨਰ ਦੀ ਛੁਟੀ ਸਮੇਂ ਕੰਟੀਨ ਵਿਚ ਜਾਣ ਦੀ ਥਾਂ, ਘਰੋਂ ਲਿਆਂਦੀ ਰੋਟੀ ਕੰਮ ਵਾਲੀ ਥਾਂ ਉਤੇ ਹੀ ਬੈਠ ਕੇ ਖਾ ਲੈਂਦਾ। ਨਾ ਉਹ ਕਦੀ ਸਨਿਚਰ-ਐਤਵਾਰ ਪੱਬ ਵਿੱਚ ਹੀ ਜਾਂਦਾ। ਘਰ ਬੈਠ ਬੀਅਰ ਦੇ ਡੱਬੇ ਪੀ ਲੈਂਦਾ। ਉਹ ਸਦਾ ਨਿਮੋਝਾਣਾ ਅਤੇ ਉਦਾਸ ਮਸ਼ੀਨ ਨਾਲ ਮਸ਼ੀਨ ਬਣਿਆ ਰਹਿੰਦਾ।

"ਬਾਬਾ ਏਥੇ ਆਇਆਂ ਤੈਨੂੰ ਕਿੰਨਾ ਕੁ ਚਿਰ ਹੋਇਐ?" ਪਰਤਾਪੇ ਦੇ ਦਿਆਲੇ ਵਾਲੀ ਸਾਰੀ ਕਹਾਣੀ ਵਿਚੋਂ ਉਲਝੇ ਹੋਏ ਨੇ ਮੈਂ ਅੱਗੇ ਗੱਲ ਤੋਰਨ ਲਈ ਬਾਬੇ ਨੂੰ ਪੁੱਛਿਆ। "ਐਸ ਮਹੀਨੇ ਦੀ ਪੰਦਰਾਂ ਤਰੀਕ ਨੂੰ ਸਮਝੋ ਪੂਰੇ ਪੰਜ ਸਾਲ ਹੋ ਜਾਣਗੇ। "ਉਂ ਲਗਦੈ ਜਿਵੇਂ ਸੌਹਰੀ ਸਦੀ ਬੀਤ ਗਈ ਹੋਵੇ।" ਬਾਬੇ ਨੇ ਪਾਸਾ ਬਦਲਦਿਆਂ ਉੱਤਰ ਦਿੱਤਾ। "ਦਿਆਲੇ ਦੇ ਸੁੱਖ ਨਾਲ ਦੋ ਕਾਕੇ ਨੇ। ਨੌਂਹ ਬੀ ਕੰਮ ਕਰਦੀ ਐ। ਉਂ ਸ਼ੇਰਾ ਨੂੰਹਾਂ ਪੁੱਤਾਂ ਦਾ ਏਥੇ ਕਾਹਦਾ ਆਸਰਾ! ਮੈਂ ਜਦੋਂ ਦਾ ਆਇਆਂ ਦਿਆਲਾ ਇਕ ਦਿਨ ਸਿੱਧੇ ਮੂੰਹ ਨੀ ਬੋਲਿਆ। ਨੌਂਹ ਤਾਂ ਉਹ ਠੁੱਡੇ ਨਾਲ ਰੋਟੀ ਅੱਗੇ ਕਰਦੀ ਐ। ਜਦੋਂ ਆਪਣਾ ਖੂਨ ਈ ਨੀਂ ਗੌਲਦਾ ਤਾਂ ਭਾਣੀ ਪਰਾਈ ਧੀ ਨੇ ਕੀ ਉੱਤਾ ਬਾਚਣਾ।" ਬਾਬੇ ਨੇ ਇਹ ਕਹਿਕੇ ਆਪਣਾ ਮੂੰਹ ਫਿਰ ਬਰਾਂਡੀ ਦੇ ਕਾਲਰਾਂ ਵਿਚ ਲੁਕਾ ਲਿਆ। ਬਾਬਾ ਅੰਦਰੋਂ ਬਾਹਰੋਂ ਫੋੜੇ ਵਾਂਗ ਭਰਿਆ ਪਿਆ ਸੀ।

ਪਲ ਕੁ ਮਗਰੋਂ ਜਦੋਂ ਬਾਬੇ ਨੇ ਆਪਣਾ ਮੂੰਹ ਫਿਰ ਬਰਾਂਡੀ ਦੇ ਕਾਲਰਾਂ ਤੋਂ ਬਾਹਰ ਕੱਢਿਆ ਤਾਂ ਉਸਦੀ ਸੱਜੀ ਅੱਖ ਦੇ ਕੋਏ ਵਿਚੋਂ ਮੋਟਾ ਸਾਰਾ ਹੰਝੂ ਤਿਲਕ ਕੇ ਉਸਦੀ ਦਾਹੜੀ ਵਿਚ ਗੁਆਚ ਗਿਆ। "ਬੱਸ ਦੋ ਰੋਟੀਆਂ ਖਾ ਛੱਡੀ ਦੀਆਂ ਨੇ। ਦਿਆਲੇ ਨੂੰ ਬਥੇਰਾ ਆਖਿਆ ਬਈ ਆਪਣੀ ਮਾਂ ਨੂੰ ਏਥੇ ਮੰਗਾ ਲੈ। ਉਹਨੇ ਸਾਰੀ ਉਮਰ ਕੱਲੀ ਨੇ ਨਰਕ ਭੋਗਿਆ। ਇਹਨੇ ਕਦੀ ਉਹਨੂੰ ਕਾਣੀ ਕੌਡੀ ਨੀ ਘੱਲੀ। ਉਹ ਬਰਾਈ ਦੇ ਮੱਝਾਂ ਦਾ ਦੁੱਧ ਪਾਕੇ ਉਥੇ ਦਿਨ ਕਟੀ ਕਰਦੀ ਐ। ਮੇਰਾ ਤਾਂ ਸ਼ੇਰਾ ਹੁਣ ਦੇਸ ਜਾਣ ਨੂੰ ਬੜਾ ਈ ਚਿੱਤ ਕਰਦੈ। ਤਰਸੇ ਪਏ ਆਂ ਆਪਣੀ ਮਿੱਟੀ ਨੂੰ। ਮੈਂ ਨੌਂਹ ਨੂੰ ਆਖਿਆ ਬਈ ਭਾਈ ਸੌ ਕੁ ਪੌਂਡ ਮੇਰੇ ਕੋਲ ਹੈਗਾ ਬਾਕੀ ਤੁਸੀਂ ਪਾਕੇ ਮੇਰੀ ਟਿਕਟ ਰੱਖ ਦਿਉ। ਅੱਗੋਂ ਭਾਈ ਕੋਈ ਕੁਸਕਿਆ ਈ ਨਾਂ।" ਬਾਬਾ ਭਰੇ ਹੋਏ ਗੱਚ ਨਾਲ ਆਪ ਮੁਹਾਰੇ ਹੀ ਬੋਲੀ ਜਾ ਰਿਹਾ ਸੀ।

"ਤੁਸੀਂ ਫੇਰ ਹੋਰ ਪੈਸੇ ਜੋੜਨ ਲਈ ਕੋਈ ਨਿੱਕਾ ਮੋਟਾ ਕੰਮ ਕਰ ਲੈਣਾ ਸੀ।" ਮੈਂ ਹਮਦਰਦੀ ਵਜੋਂ ਬਾਬੇ ਨੂੰ ਸੁਝਾ ਦਿੱਤਾ। ਕਰਦਾ ਸੀ ਆ ਬਾਹਮਣਾ ਦੇ ਤੰਦੂਰੀ ਹੋਟਲ ਤੇ। ਪਲੇਟਾਂ ਚੁੱਕ ਕੇ ਸਾਫ ਕਰ ਛਡਦਾ ਸੀ। ਪੰਦਰਾਂ ਪੌਂਡ ਤੇ ਰੋਟੀ ਸਮਝੋ ਨਾਲ ਸੀ। ਉਹ ਕਹਿੰਦਾ ਬਈ ਭਾਈਆ ਤੇਰੇ ਕੱਪੜੇ ਬੜੇ ਗੰਦੇ ਆ ਗਾਅਕ ਮੈਂਡ ਕਰਦੇ ਆ! ਅਖੇ ਨਾਲੇ ਮੈਂ ਕੰਮ ਹੌਲੀ ਕਰਦੈਂ। ਕਲ੍ਹ ਉਹਨੇ ਬੀ ਭਾਈ ਨੇ ਕਹਿਤੀ। ਤਾਹੀਉਂ ਤਾਂ ਅੱਜ ਏਥੇ ਬੈਠਾਂ। ਨਹੀਂ ਮੈਂ ਪਾਰਕ ਤੋਂ ਕੀ ਧਾਰਾਂ ਲੈਣੀਆਂ?" ਬਾਬਾ ਰੋਣ ਹੱਕਾ ਹੋਇਆ ਕਹਿ ਰਿਹਾ ਸੀ। "ਮੁੰਡਾ ਤਾਂ ਉਹ ਸਹੁਰਾ ਐਨਾਂ ਝੁੜੂ ਐ ਬਈ ਸਰੋਂ ਤੇ ਤਾਰੇਮੀਰੇ ਦਾ ਫਰਕ ਨੀਂ ਜਾਣਦਾ। ਬਸ ਕੁਹਲੂ ਦੇ ਬਲਦ ਆਗੂੰ ਨੀਮੀਂ ਪਾਈ ਬਗੀ ਜਾਂਦੈ। ਹਫਤੇ ਮਗਰੋਂ ਤਨਖਾਹ ਆਲਾ ਲਫਾਫਾ ਬਿਨ ਮੋਹਰ ਪੱਟਿਆਂ ਤੀਮੀਂ ਦੀ ਤਲੀ ਉਤੇ ਲਿਆ ਰੱਖਦੈ। ਅੱਗੋਂ ਉਹਦੀ ਮਰਜੀ ਬਈ ਬੀਕ ਦੇ ਖਰਚੇ ਲਈ ਦੋ ਦੇਵੇ ਚਾਰ ਦੇਵੇ। ਇਹ ਸਤਨਾਮ ਕਹਿਕੇ ਫੜ ਲੈਂਦਾ। ਉਹ ਸਮਝੋ ਐਸੀ ਫਫੇਕੁਟਣੀ ਐ ਬਈ ਸਾਰੇ ਪੈਸੇ ਆਪਣੇ ਮਾਪਿਆਂ ਨੂੰ ਪਿੱਛੇ ਭੇਜੀ ਜਾਂਦੀ ਐ। ਉਹਨਾਂ ਏਸ ਕੰਜਰ ਦੀ ਕਮਾਈ ਨਾਲ ਪਿੱਛੇ ਚਾਰ ਖੱਤੇ ਬੀ ਖਰੀਦ ਲਏ ਨੇ। ਏਹਦੀ ਆਪਣੀ ਮਾਂ ਦੁੱਧ ਪਾ ਕੇ ਗੁਜ਼ਾਰਾ ਕਰਦੀ ਐ। ਮੈਂ ਡਰਦਾ ਭਾਈ ਮੂੰਹ ਉੱਤੇ ਹੱਥ ਦੇਈ ਰੱਖਦਾਂ। ਕੀ ਪਤਾ ਐਨੀ ਕਮਜਾਤ ਅੱਗੋਂ ਝੂਠਾ ਸੱਚਾ ਕੀ ਭੌਂਕ ਦੇਵੇ।" ਬਾਬੇ ਨੇ ਦੋਹਵਾਂ ਹੱਥਾਂ ਨਾਲ ਸਿਰ ਉੱਤੇ ਪੱਗ ਨੂੰ ਠੀਕ ਕਰਦਿਆਂ ਆਖਿਆ।

ਮੀਂਹ ਹੁਣ ਪੂਰੀ ਤਰ੍ਹਾਂ ਬੰਦ ਹੋ ਚੁੱਕਿਆ ਸੀ। ਪਾਣੀਉਂ ਖਾਲੀ ਬੱਦਲ ਰੂੰ ਦੇ ਗਹੜਿਆਂ ਵਾਂਗੂੰ ਹਵਾ ਦੇ ਬੁਲਿਆਂ ਨਾਲ ਅਕਾਸ਼ ਵਿਚ ਡੋਲਦੇ ਫਿਰਦੇ ਸਨ। ਪਾਰਕ ਵਿਚ ਮੀਂਹ ਕਾਰਨ ਰੁਕੇ ਲੋਕੀਂ ਘਰਾਂ ਨੂੰ ਜਾ ਰਹੇ ਸਨ। ਸੜਕਾਂ ਉੱਤੇ ਭੀ ਆਵਾਜਾਈ ਕਾਫੀ ਵਧ ਗਈ ਸੀ। ਪੰਛੀ ਚੋਗੇ ਲਈ ਬ੍ਰਿਛਾਂ ਤੋਂ ਧਰਤੀ ਉੱਤੇ ਉਤਰ ਆਏ ਸਨ। ਮੜਕ ਨਾਲ ਧੌਣ ਹਲਾਕੇ ਤੇਜ਼ ਤੁਰਦੀ ਕਬੂਤਰੀ ਨਾਲ ਮਿਲਣ ਲਈ ਕਬੂਤਰ ਨੂੰ ਟਪੂਸੀਆਂ ਮਾਰਨੀਆਂ ਪੈ ਰਹੀਆਂ ਸਨ। ਇਸ ਕਬੂਤਰ ਦੇ ਜੋੜੇ ਵਲ ਵੇਖ ਕੇ ਇਕ ਨੀਗਰੋ ਮੁੰਡਾ ਅਤੇ ਉਸਦੇ ਮੋਢੇ ਨਾਲ ਲੱਗੀ ਗਰਭਵਤੀ ਅੰਗਰੇਜ਼ ਕੁੜੀ ਮੁਸਕਰਾ ਰਹੇ ਸਨ। ਰੰਗ ਬਰੰਗੀਆਂ ਪੁਸ਼ਾਕਾਂ ਵਿੱਚ ਬੱਚੇ ਬੀਰ ਵਹੁਟੀਆਂ ਵਾਂਗ ਪਾਰਕ ਵਿਚ ਆ ਨਿਕਲੇ ਸਨ।

ਮੈਂ ਤੇ ਬਾਬਾ ਵੀ ਘਰਾਂ ਨੂੰ ਜਾਣ ਲਈ ਕੋਠੜੀ ਤੋਂ ਬਾਹਰ ਆਕੇ ਇਕ ਸੜਕ ਉੱਤੇ ਤੁਰੇ ਜਾ ਰਹੇ ਹਾਂ। ਮੌਸਮ ਹੁਣ ਭਾਵੇਂ ਕਾਫ਼ੀ ਸੁਹਾਵਣਾ ਸੀ ਪਰ ਬਾਬਾ ਭਾਨ ਸਿੰਘ ਹਾਲੀ ਵੀ ਬੜਾ ਉਦਾਸ ਸੀ। ਅੱਗੇ ਗੱਲ ਤੋਰਨ ਲਈ ਮੈਨੂੰ ਕੁਝ ਸੁਝ ਨਹੀਂ ਸੀ ਰਿਹਾ। ਬਾਬਾ ਵੀ ਜਿਵੇਂ ਖਾਲੀ ਹੋ ਚੁੱਕਿਆ ਸੀ। ਚੁਪ ਗੜੁੱਪ ਬ੍ਰਿਛਾਂ ਹੇਠੋਂ ਦੀ ਲੰਘਦਿਆਂ ਬਰਫ ਦਾ ਇਕ ਵੱਡਾ ਸਾਰਾ ਥੋਬਾ ਬਾਬੇ ਦੇ ਸੱਜੇ ਮੋਢੇ ਉੱਤੇ ਆ ਡਿੱਗਿਆ। ਬਾਬੇ ਨੇ ਬਿਨਾਂ ਬੋਲਿਆਂ ਉਸਨੂੰ ਖੱਬੇ ਹੱਥ ਨਾਲ ਝਾੜ ਸੁਟਿਆ। "ਭਾਨ ਸਿੰਘਾ ਤਕੜੈਂ?" ਅੱਗੋਂ ਆਉਂਦੇ ਇਕ ਬੰਦੇ ਨੇ ਬਾਬੇ ਨੂੰ ਪੁੱਛਿਆ। "ਹਾਂ ਠੀਕ ਈ ਐਂ।" ਬਾਬੇ ਨੇ ਮਸਾਂ ਹੀ ਉੱਤਰ ਦਿੱਤਾ। ਉਹ ਫੇਰ ਪਹਿਲਾਂ ਵਾਂਗ ਹੀ ਹੱਥ ਪਿੱਠ ਪਿੱਛੇ ਕਰੀਂ ਦੀਚਕ ਜਿਹਾ ਮਾਰਕੇ ਤੁਰਦਾ ਗਿਆ। ਜਦੋਂ ਸਾਡੀਆਂ ਆਪਣੇ ਆਪਣੇ ਘਰਾਂ ਨੂੰ ਜਾਣ ਵਾਲੀਆਂ ਸੜਕਾਂ ਦਾ ਮੋੜ ਆਇਆ ਤਾਂ ਮੈਂ "ਅੱਛਾ ਫੇਰ ਬਾਬਾ" ਕਹਿਕੇ ਆਪਣੇ ਘਰ ਨੂੰ ਹੋ ਤੁਰਿਆ।

ਦੋ ਕੁ ਹਫਤਿਆਂ ਮਗਰੋਂ ਚਾਹ ਪੀਣ ਲਈ ਮੈਂ ਬਾਹਮਣਾਂ ਦੇ ਤੰਦੂਰੀ ਹੋਟਲ ਵਿਚ ਵੜਿਆ ਹੀ ਸਾਂ ਕਿ ਹੱਥ ਵਿਚ ਮੈਲਾ ਜਿਹਾ ਕਪੜਾ ਫੜੀ ਬਾਬਾ ਭਾਨ ਸਿੰਘ ਮੇਰੀ ਕੁਰਸੀ ਕੋਲ ਆ ਖਲੋਤਾ। ਉਸਨੇ ਆਪਣੇ ਉਹੋ ਹੀ ਗੰਦੇ ਕੱਪੜਿਆਂ ਉੱਤੋਂ ਦੀ ਲੰਬਾ ਸਾਰਾ ਚਿੱਟਾ ਕੋਟ ਪਾਇਆ ਹੋਇਆ ਸੀ। ਗਿੱਟਿਆਂ ਤੀਕ ਲੰਬਾ ਹੋਣ ਕਰਕੇ ਉਹ ਖੇਤਾਂ ਵਿਚ ਗੱਡੇ ਡਰਨੇ ਵਾਂਗ ਲਗਦਾ ਸੀ। ਪਰ ਗਾਹਕਾਂ ਨੂੰ ਸਫਾਈ ਦਾ ਪੂਰਾ ਭੁਲੇਖਾ ਪੈਂਦਾ ਸੀ।

"ਬਾਬਾ ਫੇਰ ਮਿਲ ਗਿਆ ਕੰਮ ਏਥੇ?" ਭਾਫਾਂ ਛੱਡਦੀ ਚਾਹ ਦੀ ਚੁਸਕੀ ਲੈਂਦਿਆਂ ਮੈਂ ਉਸ ਨੂੰ ਪੁੱਛਿਆ। "ਹਾਂ ਪੰਡਤ ਜੀ ਕਹਿੰਦੇ ਬਈ ਜੇ ਪੰਦਰਾਂ ਦੀ ਥਾਂ ਬਾਰਾਂ ਪੌਂਡ ਲੈਣੇ ਆ ਤਾਂ ਬੇਸ਼ੱਕ ਅਜੇ ਹੀ ਸਟਾਟ ਹੋ ਜਾ। ਪਰ ਕੰਮ ਰਤਾ ਫੁਰਤੀ ਨਾਲ ਕਰਨਾ ਪਊ।" ਬਾਬੇ ਨੇ ਸੱਜੇ ਖੱਬੇ ਵੇਖਕੇ

14 ਸਾਫ਼ ਕੀਤੇ ਹੋਏ ਮੇਜ਼ ਉਤੇ ਰਖਦਾ ਆਖਦਿਆਂ ਉੱਤਰ ਦਿੱਤਾ। "ਇਕੱਠ ਜੋਗੇ ਪੈਸੇ ਜੁੜਦੇ ਆ ਮੈਂ ਸੋਚਿਆ ਬਈ ਰਹਿ ਜਾਂ ਹੀ ਸਹੀ। ਨਾਲੇ ਜਿਆਣੀ ਉਮਰ 'ਚ ਹੋਰ ਕਿਤੇ ਕੰਮ ਵੀ ਨਹੀਂ ਮਿਲਦਾ। ਨਾਲੇ ਰੋਟੀ ਤਾਂ ਰੱਜਵੀਂ ਮਿਲ ਜਾਂਦੀ ਆ। ਹੁਣ ਗੁਰਦੁਆਰੇ ਵਿਚ ਲੰਗਰ ਛਕਣ ਜਾਈਦਾ ਵੀ ਤਾਂ ਸ਼ਰਮਿੰਦਗੀ ਜਾਂ ਢਾਂਗੂ ਖ਼ੁਰਾਕ ਲੱਗਣ ਲੱਗ ਪਿਆ ਸੀ।" ਨਾਲ ਦੀ ਮੇਜ਼ ਤੋਂ ਖਾਲੀ ਕੱਪ ਚੁੱਕਦਿਆਂ ਬਾਬੇ ਨੇ ਉੱਤਰ ਦਿੱਤਾ। ਹੋਟਲ ਦੇ ਮਾਲਕ, ਭਗਤ ਰਾਮ ਨੂੰ ਅੱਖਿਆਂ ਦੇਖ ਕੇ ਬਾਬੇ ਨੇ ਸ਼ੀਸ਼ੇ ਦੇ ਖਾਲੀ ਗਲਾਸ ਚੁੱਕੇ ਤੇ ਕਿਚਨ ਵਿਚ ਜਾ ਵੜਿਆ। ਬਾਬੇ ਨੇ ਮੇਜ਼ ਸਾਫ਼ ਕਰਨ ਦੇ ਬਹਾਨੇ ਇਕ ਦੋ ਵਾਰ ਮੇਰੇ ਕੋਲ ਦੀ ਨੇੜੇ ਆਏ ਪਰ ਮਾਲਕ ਖੜ੍ਹਾ ਦੇਖਕੇ ਬਿਨ ਬੋਲਿਆਂ ਉਹ ਮੁੜ ਜਾਂਦਾ ਰਿਹਾ।

ਵਿਹਲੇ ਨੂੰ ਅੰਦਰ ਲਈ ਫੈਲ ਫੈਲ ਵਾਲੇ ਪੰਜ ਸੱਤ ਆਦਮੀ ਹੋਟਲ ਦੇ ਅੰਦਰ ਆ ਗਏ। ਭਗਤ ਰਾਮ ਨੇ ਬੇਸ਼ੀ ਇਕੋ ਸਤਸ੍ਰੀਅਕਾਲ ਪਿੱਛੋਂ ਵੀਰ ਪੈਰ ਰੱਖਕੇ ਉਹਨਾਂ ਦੇ ਹੱਥ ਫੜਾਏ। ਉਹਨਾਂ ਵੱਲੋਂ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਫੈਲ ਲੈਕੇ ਤੁਰਦੇ ਬਣੇ। ਮਾਲਕ ਨੂੰ ਉਹਨਾਂ ਨਾਲ ਗੱਲੀਂ ਰੁਝਿਆ ਦੇਖ ਕੇ ਬਾਬਾ ਮੇਰਾ ਖਾਲੀ ਕੱਪ ਚੁੱਕਣ ਦੇ ਬਹਾਨੇ ਫੇਰ ਮੇਰੀ ਮੇਜ਼ ਕੋਲ ਆ ਖੜੋਤਾ। "ਜੇ ਕੰਮ ਲੱਭੇ ਤਾਂ ਮੈਂ ਇਕ ਚਿੱਠੀ ਪੜ੍ਹਾਉਣੀ ਸੀ। ਪਰ ਏਥੇ ਨੀ, ਤੈਨੂੰ ਪਤਾ ਏਥੇ ਕੰਮ ਬਾਹਰਲੇ ਨੇ ਨੀ ਪੜ੍ਹਨ ਦੇਂਦੀ।" ਬਾਬੇ ਨੇ ਭਗਤ ਰਾਮ ਵੱਲ ਨੂੰ ਅੱਖ ਦਾ ਇਸ਼ਾਰਾ ਕਰਦਿਆਂ ਆਖਿਆ। ਬਾਬੇ ਮੇਰੇ ਉੱਤਰ ਦੀ ਉਡੀਕ ਵਿਚ ਇਕ ਦੋ ਟੇਬਲਾਂ ਉਤੇ ਕਪੜਾ ਮਾਰ ਆਇਆ। ਜਵਾਬ ਲਈ ਜਦੋਂ ਮੇਰੇ ਕੋਲ ਆਕੇ ਬਾਬੇ ਨੇ ਪੈਰ ਮਿਲਾ ਮਿਲਿਆ ਤਾਂ ਮੈਂ ਆਖਿਆ, "ਪੜ੍ਹਿਆਂਗੇ ਬਾਬਾ। ਤੁਸੀਂ ਮੇਰੇ ਘਰ ਹੀ ਆ ਜਾਇਉ।" ਮੈਂ ਹਾਲੀ ਆਪਣੇ ਘਰ ਦਾ ਪਤਾ ਸਿਰ ਬਾਬੇ ਨੂੰ ਦੱਸਣ ਹੀ ਲੱਗਾ ਸੀ ਕਿ ਉਹ ਅੱਗੋਂ ਬੋਲ ਪਿਆ, "ਨਹੀਂ, ਨਹੀਂ, ਘਰ ਨੀ। ਕੰਮ ਸੈਂਡ ਫੋਰ ਉਸ ਪਾਰਕ ਵਿਚ ਹੀ ਸਹੀ" "ਤਾਈਆ ਜਾਣ ਫੁਰਤੀ ਨਾਲ। ਛੱਤਦੇ ਗਾਹਕਾਂ ਨਾਲ ਗੱਲਾਂ ਮਾਰਨੀਆਂ। ਉਹ ਕਹਿੰਦੇ ਹੁੰਦੇ ਆ ਜਾਂ ਤੇਰੀ ਜ਼ੁਬਾਨ ਦਾ ਤਜ਼ਰਬਾ ਸਾਡੇ ਖਾਤੇ ਮਤਲਬ ਦੀ।" ਬਾਬਾ ਇਕਮੁੱਠਾ ਜਿਹਾ ਮੇਰਾ ਕੱਪ ਚੁੱਕ ਕੇ ਵਾਪਸ ਕਿਚਨ ਵਿਚ ਚਲਾ ਗਿਆ। "ਬਹੁਤ ਸੀ ਗੱਲਾਂ ਦਾ ਠਰਕੀ ਸੀ ਇਹ ਬੰਦਾ। ਅੰਦਰ ਜਾਂਦੇ ਜਿਉਂ ਦੇ ਬੁੱਢੇ ਹੁਣ ਜਾਣ ਪਰ ਇਹ ਦੀ ਗੀਰ ਨੀ ਮਰਦੀ।" ਆਪਣੇ ਹੱਥ ਉਤੇ ਮੇਰੀ ਚਾਹ ਦੇ ਪੈਸੇ ਗਿਣਦਿਆਂ ਹੋਟਲ ਦਾ ਮਾਲਕ ਮੈਨੂੰ ਕਹਿ ਰਿਹਾ ਸੀ।

ਅਗਲੇ ਐਤਵਾਰ ਮੈਂ ਪਾਰਕ ਵਿਚ ਉਸੇ ਹੀ ਥਾਂ ਪੁੱਜਿਆ ਤਾਂ ਬਾਬਾ ਭਗਤ ਸਿੰਘ ਮੇਰੀ ਪਹਿਲੋਂ ਹੀ ਉਡੀਕ ਕਰ ਰਿਹਾ ਸੀ। ਦਿਨ ਭੀ ਨਰਮੇ ਦੇ ਖੇਤ ਵਾਂਗ ਖਿੜਿਆ ਹੋਇਆ ਸੀ। ਠਰਦਾ ਨਾ ਹੋਣ ਕਾਰਨ ਠੰਡ ਵੀ ਕੋਈ ਬਹੁਤੀ ਨਹੀਂ ਸੀ। ਬਾਬੇ ਨੇ ਪਰ ਉਤੇ ਹੀ ਬਰਾਂਡੀ ਪਾਈ ਹੋਈ ਸੀ। ਜਿਸ ਕਾਰਨ ਮਾਰਦਾ ਸੂਰਜ ਸਿੱਧਾ ਦਾ ਅਹਿਸਾਸ ਕਰਦਾ ਰਿਹਾ ਸੀ। ਬਹੁਤੇ ਲੋਕੀ ਬੈਂਚਾਂ ਉਤੇ ਬੈਠੇ ਅਖ਼ਬਾਰ ਪੜ੍ਹ ਰਹੇ ਸਨ। ਬਾਬਾ ਉਸੇ ਹੀ ਕੋਠੜੀ ਦੇ ਠੰਡੇ ਫਰਸ਼ ਉਤੇ ਫੈਲਰਦੇ ਵਾਂਗ ਗੁੰਮ ਸੁੰਮ ਹੋਇਆ ਬੈਠਾ ਸੀ। ਮੇਰੇ ਜਾਣ ਨਾਲ ਥੋੜ੍ਹਾ ਜਿਹਾ ਖੁਸ਼ੀ ਦਾ ਪ੍ਰਭਾਵ ਉਹਦੇ ਚਿਹਰੇ ਉਤੇ ਆਇਆ ਜਿਹੜਾ ਕਾਗਜ਼ਾਂ ਦੇ ਮੇਰ ਵਾਂਗ ਜਲਦੀ ਹੀ ਅਲੋਪ ਹੋ ਗਿਆ। ਬਾਬੇ ਨੇ ਬਹੁਤੀ ਗੱਲਬਾਤ ਤੋਂ ਬਿਨਾਂ ਹੀ ਅੰਦਰਲੀ ਜੇਬ ਵਿਚੋਂ ਇਕ ਚਿੱਠੀ ਕੱਢ ਕੇ ਮੈਨੂੰ ਫੜਾ ਦਿੱਤੀ। ਇਸ਼ਤਿਹਾਰਬਾਜ਼ੀ ਬਾਬੂ ਦੇ ਨੈਣਾਂ ਵਾਂਗ ਚਿੱਠੀ ਮੁਲੋਂ ਹੀ ਤੁੱਥ ਮੁੱਥ ਹੋਈ ਪਈ ਸੀ। ਇਹ ਚਿੱਠੀ ਭਾਰਤ ਤੋਂ ਆਈ ਸੀ। ਮੈਂ ਸਾਰੀ ਚਿੱਠੀ ਉਤੇ ਸਰਸਰੀ ਜਿਹੀ ਝਾਤੀ ਮਾਰਕੇ ਉੱਚੀ ਪੜ੍ਹਨੀ ਸ਼ੁਰੂ ਕੀਤੀ।

ਮੇਰੇ ਸਰਦਾਰ ਜੀ,

ਦੋਵੇਂ ਹੱਥ ਜੋੜ ਕੇ ਸੱਤ ਸ੍ਰੀ ਅਕਾਲ। ਚਿੱਠੀ ਤੁਹਾਡੀ ਮਿਲ ਗਈ ਸੀ ਜੀ। ਤੁਸੀਂ ਲਿਖਿਆ ਸੀ ਬਈ ਮੈਂ ਪਿਛਲੇ ਮਹੀਨੇ ਆਊਂਗਾ। ਉਹ ਵੀ ਮਹੀਨਾ ਲੰਘ ਗਿਆ ਹੈ ਜੀ। ਮੈਂ ਤਾਂ ਰਾਤ ਦਿਨ ਤੜਪਦੀ ਰਹਿੰਦੀ ਹਾਂ ਜੀ। ਸੋਚਦੀ ਹਾਂ ਬਈ ਖੁਆਰ ਹੋਆ, ਸੁੱਖ ਹੋਵੇ। ਮੈਂ ਸਾਰੀ ਔਧ ਭੁੱਲੀ ਨੇ ਹੀ ਭੋਗੀ ਹੈ ਜੀ। ਪਹਿਲਾਂ ਜਦੋਂ ਤੂੰ ਫੌਜ ਵਿਚ ਸੀ ਤਾਂ ਹੁਣ ਬਲੈਤ ਵਿਚ। ਕਈ ਜਨਾਨੀ ਨੂੰ ਤਾਂ ਘਰ ਦੀਆਂ ਕੰਧਾਂ ਵੀ ਵੱਢ ਵੱਢ ਖਾਂਦੀਆਂ ਨੇ। ਮੇਰੇ ਤਾਂ ਕੋਈ ਕਰਮ ਹੀ ਮਾੜੇ ਨੇ। ਮੇਰਾ ਸੀ ਤਾਂ ਉਹ ਕੈਸਾ ਬਲੈਤ ਨੇ ਖੋਹ ਲਿਆ। ਹੁਣ ਇਸ ਦਾ ਸਾਂਈ। ਕਦੇ ਕਦੇ ਤਾਂ ਦਿਲ ਉੱਜੀ ਡਿੱਗ ਪੈਂਦਾ ਹੈ ਜੀ। ਲੋਕ ਗਾਹੀ ਦਾ ਤਾਂ ਜੀਤਾ ਆਇਆ ਸੀ ਪਰਸੋਂ। ਜ਼ਾਗਬ ਨਾਲ ਗੱਟ, ਕਹਿੰਦਾ ਜੇ ਜਾਲ ਠੀਕ ਹੁੰਦੇ ਤਾਂ ਅੱਜ ਬਲੈਤ ਨਾ ਬੈਠੀ ਹੁੰਦੀ। ਮੈਂ ਤਾਂ ਸਾਰੀ ਰਾਤ ਰੋਂਦ ਨਾਲ ਲੰਘੀ ਬੈਠੀ ਰੋਂਦੀ ਰਹੀ। ਜੇ ਸਿਰ ਦਾ ਸਾਂਈ ਹੀ ਨਾ ਪੁੱਛੇ ਤਾਂ ਫਿਰ ਲੋਕਾਂ ਤੇ ਕਾਹਦਾ ਰੋਸ। ਮੈਂ ਤੁਹਾਡੇ ਅੱਗੇ ਦੋਵੇਂ ਹੱਥ ਜੋੜਦੀ ਆਂ ਜੀ। ਬਈ ਇਕ ਵਾਰ ਆ ਜੋ, ਫੇਰ ਭਾਵੇਂ ਅਗਲੇ ਦਿਨ ਹੀ ਚਲੇ ਜਾਇਓ। ਮੈਨੂੰ ਆਪਣੇ ਨਾਲ ਲੈ ਹੀ ਚਲੋ ਬਲੈਤ। ਤੁਹਾਡੇ ਬਿਨਾਂ ਮੇਰਾ ਕੰਮ ਜੱਗ ਵਿਚ ਕੋਈ ਹੈ ਜੀ। ਤੁਸੀਂ ਬਖਸ਼ਣਾ। ਪਿਆਰੇ ਨੂੰ ਪਿਆਰ। ਉਹਨੂੰ ਕੀ ਪਤਾ ਮਾਂ ਦੀਆਂ ਅੰਦਰਾਂ ਕਿਵੇਂ ਤੜਫਦੀਆਂ ਨੇ। ਚਿੱਠੀ ਜਲਦ ਬਰਜਲਦ ਪਾਉਣੀ ਜੀ।

ਆਪ ਦੇ ਚਰਨਾਂ ਦੀ ਦਾਸੀ
ਕਰਤਾਰੀ।

"ਬਾਬਾ ਫੇਰ ਤੁਸੀਂ ਚਲੇ ਕਿਉਂ ਨਹੀਂ ਜਾਂਦੇ?" ਚਿੱਠੀ ਬਾਬੇ ਵੱਲ ਨੂੰ ਕਰਦਿਆਂ ਮੈਂ ਆਖਿਆ। ਬਾਬੇ ਭਗਤ ਸਿੰਘ ਨੇ ਚਿੱਠੀ ਫੜ ਕੇ ਆਪਣੀ ਜੇਬ ਵਿਚ ਪਾ ਲਈ ਪਰ ਉਹ ਮੂੰਹੋਂ ਬੋਲਿਆ ਕੁੱਝ ਨਾ। "ਜੇ ਪਿੱਛੇ ਘਰ ਦੇ ਔਖੇ ਦੇਖੀ ਹੋਏ ਤਾਂ ਫਿਰ ਖਰਚਾਂ ਨੂੰ ਖਾਏ ਢਲੈਤ" ਮੈਂ ਬਾਬੇ ਦਾ ਮਨ ਟੋਲਣ ਵਾਸਤੇ ਨੂੰ ਆਖਿਆ। "ਗੱਲ ਤਾਂ ਤੇਰੀ ਠੀਕ ਆ, ਭੁੱਖੀ ਤਾਂ ਨੇ ਸਾਰ ਨਾ ਆਇਆ। ਮੈਨੂੰ ਕੰਮ ਹੁਣ ਅੱਸੀਆਂ ਪੌਂਡਾਂ ਦੀ ਲੋੜ ਆ। ਅੱਜ ਹੋਏ ਤਾਂ ਟਿਕਟ ਜਿਹੜਾ ਠਹਿਰਦਾ ਕੰਮ ਮਿਲਦੀ ਮੁਲਕ 'ਚ। ਜੇ ਅੱਜ ਤੋਂ ਪਿੱਛੋਂ ਬੱਚੇ ਕੇ ਵੀ ਸਾਰੇ ਚੀਕ ਦੀ ਤਨਖ਼ਾਹ ਲੈਣ ਤਾਂ ਵੀ ਸਾਰਾ ਕੁਝ ਮਹੀਨਾ ਲਗਾਏ। ਫੇਰ ਕਰਤਾਰੀ ਲਈ ਵੀ ਤਾਂ ਕੁੱਝ ਲਿਜਾਣਾ ਪਊ। ਕੰਮ ਤਨਖਾਂ ਦੇ ਮਹੀਨਿਆਂ ਤੋਂ ਵੱਧ ਤਾਂਏ ਲਗਦੇ ਪੱਟ ਨੀ"

ਬਾਬੇ ਨੇ ਸਾਰਾ ਇਤਿਹਾਸ ਵਿਸਥਾਰ ਨਾਲ ਸੁਣਾਇਆ। "ਆਪਣੇ ਕਿਸੇ ਪੈਂਡੂ ਕੋਲੋਂ ਫੜ ਲਓ ਪੌਂਡ, ਉਹਦੇ ਘਰ ਦਿਆਂ ਨੂੰ ਉਥੇ ਸਾਰੇ ਰੁਪਈਏ ਦੇ ਦਿਉ।" ਮੈਂ ਆਪਣੇ ਵਲੋਂ ਨਵਾਂ ਸੁਝਾ ਦਿੰਦਿਆਂ ਆਖਿਆ। "ਪੈਂਡੂਆਂ ਨਾਲ ਮੇਰੀ ਕੋਈ ਗੱਲ ਬਾਤ ਹੀ ਨਹੀਂ। ਦੇਖ ਸੁੱਖ ਕਰਨ ਲੱਗਿਆਂ ਉਹ ਮੂੰਹ ਦੂਜੇ ਪਾਸੇ ਨੂੰ ਕਰ ਲੈਂਦੇ ਨੇ। ਪੌਂਡ ਤਾਂ ਤਰਸਾ ਇਕ ਵੀ ਸਾਡੇ ਪਿਉ ਨੂੰ ਨਹੀਂ ਦਿੰਦਾ। ਸਾਰੇ ਹੀ ਪੌਂਡ ਤੇ ਜਾਗੀ ਕੁੰਡੀ ਪਏ ਨੇ।" ਬਾਬੇ ਨੇ ਮੱਥੇ ਪੈਰ ਦੀ ਜੁਗਤ ਨੂੰ ਗੋਡੇ ਵੱਲ ਘੂਰਦਿਆਂ ਉੱਤਰ ਦਿੱਤਾ। ਬੇਬੀ ਦੇਰ ਸੁਤਰਨ ਪੜਦੇ ਵਾਲਿਆਂ ਵਾਲਿਆਂ ਵਾਂਗੂ ਅਸੀਂ ਚੁੱਪ ਬੈਠੇ ਰਹੇ।

ਮੈਂ ਆਪਣੇ ਮਨ ਵਿਚ ਸੋਚ ਰਿਹਾ ਸੀ ਕਿ ਬਾਬੇ ਨੂੰ ਇੰਗਲੈਂਡ ਆਇਆਂ ਲੱਗਭਗ ਪੰਜ ਸਾਲ ਹੋ ਚੁਕੇ ਨੇ, ਇਸ ਸਾਰੇ ਸਮੇਂ ਵਿਚ ਇਸ ਨੇ ਕਿਤਨਾ ਤਾਂ ਕਮਾਇਆ ਹੀ ਹੋਵੇਗਾ। ਜੇ ਇਹ ਇਥੇ ਇਹ ਨੌਕਰੀ ਨੂੰ ਭੇਜਦਾ ਰਿਹਾ ਹੋਵੇਗਾ। ਪਰ ਨੌਕਰੀ ਦੀ ਚਿੱਠੀ ਤੋਂ ਵੀ ਇਹਦੀ ਕੋਈ ਜਾਣਕਾਰੀ ਨਹੀਂ ਮਿਲਦੀ। ਆਪ ਹੀ ਬਹੁਤਾ ਘਰਬਾਰੂ ਨਹੀਂ ਲਗਦਾ। ਕਪੜੇ ਸਾਦੇ ਪਾਏ ਹੋਏ ਨੇ। ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ। ਆਪਣੇ ਸ਼ੱਕ ਨੂੰ ਦੂਰ ਕਰਨ ਲਈ ਅਖੀਰ ਮੈਂ ਬਾਬੇ ਨੂੰ ਪੁੱਛ ਹੀ ਲਿਆ। "ਬਾਬਾ ਤੈਨੂੰ ਘੱਟੋ ਘੱਟ ਪੰਜ ਸਾਲ ਹੋ ਗਏ ਨੇ ਇੰਗਲੈਂਡ ਆਏ ਨੂੰ। ਤੁਸੀ ਕਾਫ਼ੀ ਪੈਸੇ ਤਾਂ ਕੋਲ ਹੀ ਹੋਣਗੇ।" ਬਾਬਾ ਕੁਝ ਦੇਰ ਤਾਂ ਗੋਡਿਆਂ ਵਿਚ ਸਿਰ ਦੇਈ ਦਿੰਦਾ ਬੈਠਾ ਰਿਹਾ ਜਿਵੇਂ ਉਸ ਨੂੰ ਮੇਰੀ ਗੱਲ ਹੀ ਨਾ ਸੁਣੀ ਹੋਵੇ। ਪਰ ਫੇਰ ਜਦੋਂ ਅਗਲੇ ਪਲ ਉਸਨੇ ਆਪਣਾ ਮੂੰਹ ਉਪਰ ਚੁੱਕਿਆ ਤਾਂ ਉਸਦੀਆਂ ਅੱਖਾਂ ਵਿਚੋਂ ਹੰਝੂਆਂ ਦੀਆਂ ਧਾਰਾਂ ਵਗਕੇ ਉਸ ਦੀ ਦਾਹੜੀ ਵਿਚ ਅਲੋਪ ਹੋਈ ਜਾ ਰਹੀਆਂ ਸਨ।

ਫਿਰ ਮਿੰਟ ਸੋਚਣ ਤੇ ਬਾਬੇ ਨੇ ਬੋਲਣਾ ਸ਼ੁਰੂ ਕੀਤਾ, "ਕੰਮ ਤੇ ਮੈਨੂੰ ਹੋਣਗਾਂ ਸਾਲ ਕਰਨ ਲਈ ਏਅਰਪੋਰਟ ਤੇ ਇਆਲੇ ਨੇ ਉਸੇ ਵੀਰੇ ਲਾ ਦਿੱਤਾ ਸੀ। ਉਦਣ ਤੋਂ ਹੀ ਤਨਖਾਹ ਵਾਲਾ ਲਫਾਫਾ ਹਰ ਸ਼ੁਕਰਵਾਰ ਘਰ ਵਾਲਿਆਂ ਦੀ ਮੇਰੀ ਨੂੰਹ ਮੇਰੇ ਹੱਥੋਂ ਫੜ ਲੈਂਦੀ ਸੀ। ਦੋ ਪੌਂਡ ਕੱਢਕੇ ਉਹ ਮੈਨੂੰ ਫੜਾ ਦਿੰਦੀ ਸੀ। ਹੁਣ ਜਦੋਂ ਦੇਸ ਸ਼ੁਰੂ ਆਉਣ ਲਈ ਨੌਕਰੀ ਦੀਆਂ ਚਿੱਠੀਆਂ ਆਉਣ ਲਗ ਪਈਆਂ ਤਾਂ ਮੈਂ ਇਹਨੇ ਪੈਸੇ ਜੋੜੀ ਰੱਖਣ ਲੱਗ ਪਿਆ। ਦੂਜੀ ਤੀਜੀ ਵੀਰੇ ਨੋਟ ਨੇ ਲਫਾਫੇ ਦੀ ਮੋਹਰ ਖੁੱਲ੍ਹੀ ਦੇਖਕੇ ਬੜਾ ਕਲੇਸ਼ ਕੀਤਾ। ਰੋਟੀ ਦੀ ਉਦਣ ਮੈਂ ਆਪ ਪਕਾਈ। ਚਾਰ ਦੀਹਾਂ ਤੇ ਗੀਆਂ ਹੁਣ ਮੈਂ ਇਕ ਭਾਈਚਿੰਣ ਨਾਲਰ ਮਿਊਂ ਦੇ ਘਰ ਰਹਿੰਦਾ। ਉਹਨੂੰ ਕਮਰੇ ਦੇ ਚਾਰ ਪੌਂਡ ਦੇਵੇ ਸੀ, ਅੱਠ ਦਸ ਹਰ ਵੀਰੇ ਬਚ ਰਹਿੰਦੇ ਨੇ।" ਬਾਬੇ ਭਾਨ ਸਿੰਘ ਨੇ ਦੋਹਰਾਂ ਹੱਥਾਂ ਦੀਆਂ ਹਥੇਲੀਆਂ ਨਾਲ ਆਪਣੀਆਂ ਗੱਲ੍ਹਾਂ ਤੋਂ ਹੰਝੂ ਪੂੰਝਦਿਆਂ ਸਾਰੀ ਵਿਥਿਆ ਕਹਿ ਦਿੱਤੀ।

ਸ਼ਾਮ ਕਾਫੀ ਸਿਆਹੀ ਅਤੇ ਰਮੇਂਤੀਆਂ ਹੋਈ ਜਾ ਰਹੀ ਸੀ। ਕਿਧਰੇ ਕਿਧਰੇ ਬੱਤੀਆਂ ਜਗਣ ਲੱਗ ਪਈਆਂ ਸਨ। ਮੈਂ ਤੇ ਬਾਬਾ ਚੁੱਪ ਚਾਪ ਆਪਣੇ ਆਪਣੇ ਘਰਾਂ ਨੂੰ ਤੁਰ ਪਏ। ਸਾਰੀ ਰਾਤ ਮੇਰੇ ਨਾਲ ਵਿਚ ਕੁਝ ਅਜੀਬ ਅਜੀਬ ਰਿਹਾ ਕਿ ਮੈਂ ਸਾਰ ਦੀ ਮੂੰਹ ਖੋਲ੍ਹ ਕੇ ਕੈ ਰਿਹਾ ਸਾਂ। ਦਲੈਂਤ ਆਰੇ ਇਨ੍ਹਾਂ ਰਿਸ਼ਤਿਆਂ ਨੂੰ ਕੀ ਹੋ ਜਾਂਦਾ ਹੈ? ਮੈਂ ਕਾਫ਼ੀ ਰਾਤ ਤੀਕ ਬਿਸਤਰੇ ਵਿਚ ਪਿਆ ਇਹ ਸੋਚਦਾ ਰਿਹਾ।

ਅਗਲੇ ਦਿਨ ਸ਼ਾਮੀਂ ਜਦੋਂ ਮੈਂ ਕੰਮ ਤੋਂ ਪਰਤਿਆ ਤਾਂ ਤੈਨੂੰ ਹੋਟਲ ਅੱਗੇ ਕਾਫੀ ਭੀੜ ਲੱਗੀ ਹੋਈ ਸੀ। ਪੁਲੀਸ ਦੇ ਸਿਪਾਹੀ ਲੋਕਾਂ ਨੂੰ ਰਾਹ ਛੱਡਣ ਲਈ ਆਖ ਰਹੇ ਸਨ। ਇਸ ਜਣੀ ਭੀੜ ਵਿਚੋਂ ਦੇ ਸਿਪਾਹੀਆਂ ਦਾ ਬਾਜ਼ਾਂ ਤੋਂ ਚੁੱਕਿਆ ਬਾਬਾ ਭਾਨ ਸਿੰਘ ਮੇਰੀ ਨਜ਼ਰ ਪਿਆ। ਲੋਕ ਕਹਿ ਰਹੇ ਸਨ ਬਾਬੇ ਨੇ ਇੰਜਨ ਵਿਚੋਂ ਅੱਸੀ ਪੌਂਡ ਚੋਰੀ ਕਰ ਲਏ ਹਨ।

° ° ° °


**GOYAL TRAVEL**

**4152 Fraser St.** **Tel:**
**Vancouver, B.C.** **[604] 872-7658**

*WE OFFER THE CHEAPEST FARES TO*


**. India . Pakistan .**
**. Nairobi . Dareselam .**

*SPECIAL FARES FROM SEATTLE TO LONDON—*
*One way or Return*
**4 Offices in India to serve you:**

**. New Delhi . Jullundur .**
**. Moga Jagroan .**

**SHAKTI GIFT**

**6576 MAIN STREET, VANCOUVER, B.C.**



**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

Res. 327-8259
Bus 321-6214

SPECIALIST IN EAST INDIAN JEWELLERY GIFTWARE & REPAIRS

ਹਰ ਤਰਾਂ ਦੇ ਗਹਿਣੇ ਬਣਵਾਉਣ ਲਈ ਸਾਡੀ ਦੁਕਾਨ ਤੇ ਆਓ।

# ਸਿਊਕ

— ਗੁਰਬਖਸ਼ ਚੋਸ਼ਾਂਗ

ਮੇਰੇ ਲੰਗੋਟੀਏ ਯਾਰ ਦਾ ਖਤ ਆਇਆ ... ਮੈਂ ਖੁਸ਼ੀ 'ਚ ਝੂੰਮ ਉਠਿਆ। ਉਸ ਕਸ਼ਮੀਰੇ ਦਾ, ਜਿਸਦੀ ਪਤਨੀ ਕੋਲ ਸੋਹਲੇ ਗਾਉਂਦਿਆਂ ਮੇਰੇ ਬੁੱਲ ਘੱਸ ਗਏ ਸੀ। ਕਸ਼ਮੀਰ ਦੀ ਘਾਟੀ ਵਾਂਗ ਸੋਹਣੇ ਦਿਲ ਵਾਲਾ, ਜਿਸਦੀ ਸੰਗਤ 'ਚ ਜ਼ਿੰਦਗੀ ਦਾ ਪੁੰਗਰਦਾ ਅਹਿਸਾਸ ਸੀ ... ਜੋ ਹਰ ਸੁਲਝੇ ਇਨਸਾਨ ਦਾ ਸਪਨਾ ਹੈ। ਉਸ ਦੇ ਜ਼ਿੰਦਾ-ਦਿਲ ਸਾਥ ਨੇ ਕਦੇ ਮੈਨੂੰ ਖਿੜਕਣ ਨਾ ਦਿੱਤਾ। ਉਹ ਬਹੁਤ ਅਮੀਰ ਨਹੀਂ ਤਾਂ ਘੱਟੋ ਘੱਟ ਸਾਡੇ ਨਾਲੋਂ ਖਾਂਦੇ ਪੀਂਦੇ ਘਰਾਣੇ 'ਚੋਂ ਸੀ। ਉਹ ਮੇਰੀਆਂ ਰੁਖੀਆਂ ਸੁਕੀਆਂ ਬੁਰਕੀਆਂ ਖੋਹ ਕੇ ਖਾ ਜਾਂਦਾ, ਆਪਣਾ ਮਲਮਲ ਦਾ ਕੁੜਤਾ ਲਾਹਕੇ ਮੇਰਾ ਖੱਦਰ ਦਾ ਪਾ ਲੈਂਦਾ। ਮੇਰੀ ਮਾਂ ਨੂੰ ਮੇਰੇ ਨਾਲੋਂ ਵੀ ਵੱਧ ਸਤਾਉਂਦਾ। ਮੇਰੀ ਮਾਂ ਵੀ ਮੇਰੇ ਨਾਲੋਂ ਵੱਧ ਉਸਨੂੰ ਚਾਹੁੰਦੀ ਹੁੰਦੀ ਸੀ। ਸਾਰਿਆਂ ਤੋਂ ਓੜਕ ਛੋਹੀ ਗੱਲ ... ਇਕ ਗਰੀਬ ਘਰ ਦੀ ਕੁੜੀ ਨਾਲ ਜ਼ਿੰਦ ਜਾਨ ਵਾਰਨ ਵਾਲੀ ਮੁਹੱਬਤ.........। ਮੈਂ ਉਸ ਨੂੰ ਇਜੱਤ ਵਜੋਂ ਪਲਕਾਂ ਤੇ ਬਿਠਾਇਆ ਹੋਇਆ ਸੀ। ਉਸ ਨੇ ਮੇਰੀ ਪੜ੍ਹਾਈ 'ਚ ਹੀ ਮਦਦ ਨਹੀਂ ਕੀਤੀ, ਸਗੋਂ ਇੰਗਲੈਂਡ ਦੇ ਦਾਣੇ ਪਾਣੀ ਦੀ ਮੋਹਰ ਵੀ ਉਸ ਨੇ ਹੀ ਘੜੀ। ਪਹਿਲੀ ਵਾਰ ਮੇਰੇ ਯਾਰ ਨੇ ਮੈਨੂੰ ਕੋਈ ਕੰਮ ਕਿਹਾ ਸੀ..."ਮੇਰਾ ਇਕ ਖਾਸ ਬੰਦਾ ਇੰਗਲੈਂਡ ਆ ਰਿਹੈ ... ਜਰਾ ਚੰਗੀ ਤਰ੍ਹਾਂ ਸਾਂਭੀਂ। ਮੈਂ ਬੱਚਿਆਂ ਵਾਂਗ ਘਰ ਸਿਰ ਤੇ ਚੁੱਕ ਲਿਆ।

ਪਤਨੀ ਨੇ ਆਪਣੇ ਦਿਲ ਦੀ ਕਹੀ..."ਮੈਂ ਕਿਹਾ ਜੀ... ਉਸਦੇ ਇਸ਼ਕ-ਉਸ਼ਕ ਦੀ ਕੋਈ ਸੂਹ ਨਹੀਂ ਆਈ...ਚਿਠੀਆਂ 'ਚ ਵੀ ਨਾਉਂ ਥੇਗ ਨਹੀਂ ਪਾਇਆ ... ।" ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਸਨੇ ਮਿੱਠਾ ਜਿਹਾ ਨਹੋਰਾ ਮਾਰਿਆ... 'ਹੂੰ ਮੈਂ ਜੁ ਤੀਜੀ ਵਿੱਚ ਆ ਗਈਆਂ...ਦੋਸਤਾਂ ਦੇ ਗੁੱਝੇ ਭੇਦ ਚਿੱਠੀਆਂ'ਚ ਕਿਵੇਂ ਲਿਖ ਹੋਣ... ।' ਇਸ ਟਕੋਰ ਨੂੰ ਮਾਣਦਿਆਂ ਮੈਂ ਸੋਚਿਆ, ਕਸ਼ਮੀਰ ਸੁਣਦਾ ਤਾਂ ਉਹ ਇਸਤੋਂ ਕਿਤੇ ਵਧੇਰੇ...ਦਿਲ ਦੀਆਂ ਤਾਰਾਂ ਟੁਣਕਾਣ ਵਾਲਾ ਉਤੱਰ ਦਿੰਦਾ... "ਹਾਂ, ਬੜਾ ਬਦਮਾਸ਼ ਹੋ ਗਿਐ !...ਉਸਨੂੰ ਸਿਧਿਆਂ ਕਰਨੇ ਪੈਣੇ ।"

ਅਸੀਂ ਸਨਮਾਨਿਤ ਮਹਿਮਾਨ ਲਈ ਤਿਆਰੀਆਂ ਆਰੰਭ ਦਿਤੀਆਂ.. ਘਰ ਨੂੰ ਪੇਂਟ ਆਦਿ ਕੀਤਾ। ਕੁਝ ਹੋਰ ਸਜਾਵਟ ਦੀਆਂ ਚੀਜ਼ਾਂ ਲੈਕੇ ਸ਼ਿੰਗਾਰਿਆ...ਹੁਣ ਸਾਡਾ ਘਰ...ਕਿਸੇ ਸਜ ਵਿਆਹ ਦੁਲਹਨ ਦੇ ਵਾਂਗ ਲਗ ਰਿਹਾ ਸੀ...ਜੋ ਆਪਣੇ ਪੀਆ ਨੂੰ ਧੜਕਦੇ ਦਿਲ ਅਤੇ ਬੇ-ਸਬਰ ਬਾਹਾਂ ਨਾਲ ਉਡੀਕਦੀ ਹੋਵੇ। ਮੇਰੀ ਪਤਨੀ ਤੋਖਲਾ ਪਰਗਟ ਕਰ ਰਹੀ ਸੀ ... ਜੀ ਮੇਰਾ ਤਾਂ ਦਿਲ ਘਬਰਾਉਂਦੇ ਖਬਰੇ ਕੇਡੀ ਵੱਡੀ ਪਰਸਨੈਲਿਟੀ ਦਾ ਮਾਲਕ ਹੋਵੇਗਾ। ਕਿਹੋ ਜਿਹੀਆਂ ਗੱਲਾਂ ਕਰਦਾ ਹੋਵੇਗਾ। ਬਹੁਤ ਸਿਆਣੇ ਬੰਦੇ ਅੱਗੇ ਜੋ ਕੁਝ ਆਉਂਦੇ, ਉਹ ਵੀ ਭੁੱਲ ਜਾਂਦੇ।" ਮੈਂ ਉਸ ਨੂੰ ਇਸ ਤਰ੍ਹਾਂ ਜਰਕਦਿਆਂ ਪਹਿਲਾਂ ਕਦੇ ਵੀ ਨਹੀਂ ਸੀ ਵੇਖਿਆ। ਉਹ ਕਵੀਆਂ ਲਿਖਾਰੀਆਂ ਬਾਰੇ ਮੈਨੂੰ ਬਹਿਸ 'ਚ ਵਾਰੇ ਨਾ ਆਉਣ ਦਿੰਦੀ ...ਉਨ੍ਹਾਂ ਦੀ ਚੰਗਿਆਈ. ਬੁਰਿਆਈ... ਪਾਣੀ 'ਚੋਂ ਮਿੱਟੀ ਵਾਂਗ ਨਿਤਾਰ ਲੈਂਦੀ। ਮੈਂ ਮਨੋਂ ਸੋਚਿਆ ...ਅਸਾਂ ਮਰਦਾਂ ਨੇ ਔਰਤ ਦੇ ਸੁਭਾ ਨੂੰ ਵੀ ਇਕ ਬੀਮਾਰੀ 'ਚ ਤਬਦੀਲ ਕਰ ਦਿਤੇ... ਐਵੇਂ ਬਸ ਉਸਦੇ ਆਉਣ ਤਕ ਫ਼ਿਕਰ ਕਰ-ਕਰ ਮਰ ਲਥੇਂਗੀ।" ਮੈਂ ਉਸਨੂੰ ਧੀਰਜ ਦੇਂਦਿਆਂ ਕਿਹਾ "ਮੇਰੇ ਕਸ਼ਮੀਰੇ ਦਾ ਭਾਈਬੰਦ ਅਤੇ ਫਿਰ ਖਾਸ ਬੰਦਾ ... ਉਸ ਵਰਗਾ ਨਹੀਂ ਤਾਂ ਘੱਟੋ-ਘੱਟ ਉਸਦੇ ਖਿਆਲ ਦਾ ਜ਼ਰੂਰ ਹੋਵੇਗਾ। ਚਾਰ ਦਿਨ ਮੌਜ ਲੱਗ ਜੂ, ਕੋਈ ਮਤਲਬ ਦੀ ਗੱਲ ਕਰਾਂਗੇ ਵਤਨ ਦਾ ਹਾਲ ਚਾਲ ਪੁਛਾਂਗੇ।" ਮੈਂ ਏਸ ਤਰ੍ਹਾਂ ਓਦਰਿਆ ਪਿਆ ਸਾਂ ਜਿਵੇਂ ਕੋਈ ਸੋਹਰੇ ਆਈ ਕੁੜੀ ਪੇਕਿਆਂ ਲਈ ਤੜਪਦੀ ਹੈ। ਮੇਰੇ ਅੰਗਾਂ 'ਚ ਚਸਕ ਜਿਹੀ ਹੋਈ...ਉਨ੍ਹਾਂ ਗਲੀ ਮਹੱਲਿਆਂ ਲਈ ਹੌਲ ਜਿਹਾ ਪਿਆ ਜਿਥੇ ਮਿਟੀ ਦੇ ਘਰ ਬਣਾ-ਬਣਾ ਢਾਹੇ ਸਨ,ਲੁਕਣ ਮੀਟੀਆਂ ਖੇਡੀਆਂ ਸਨ, ਘਰਾਂ ਤੋਂ ਲਿਆਂਦੇ ਦਾਣੇ ਤੇ ਗੁੜ ਦੀਆਂ ਵੰਡੀਆਂ ਪਾਉਣ ਪਿਛੇ ਝਗੜੇ ਸਾਂ...ਗੰਨਿਆਂ ਦੇ ਰਸ ਦਾ ਸੁਆਦ ਮਾਣੋਂ ਸਦੀਆਂ ਪਿਛੇ ਰਹਿ ਗਿਆ ਸੀ।

ਅਸੀਂ ਨਿਯਤ ਦਿਨ ਤੇ ਮਹਿਮਾਨ ਨੂੰ ਹਵਾਈ-ਅੱਡੇ ਤੋਂ ਲਿਆਉਣ ਲਈ ਘਰੋਂ ਰਵਾਨਾ ਹੋਗਏ ਸਾਡੀ ਫੋਰਡ ਕੋਰਟੀਨਾ ਨਿਧੜਕ ਮੋਟਰ ਵੇ ਦੇ ਚੋੜੇ ਚਕਲੇ ਸੀਨੇ ਤੇ ਦੋੜੀ ਜਾ ਰਹੀ ਸੀ। ਕਾਫ਼ੀ ਤੇਜ਼ ਹਵਾ ਕਿਸੇ ਭੂਤਰੇ ਹੋਏ ਬਾਲ ਵਾਂਗ ਕਣੀਆਂ ਏਧਰ ਉਧਰ ਬਿਖੇਰ ਰਹੀ ਸੀ...ਕਾਰ ਦੇ ਸ਼ੀਸ਼ੇ ਤੇ ਪੈਂਦਿਆਂ ਮੋਤੀਆਂ ਵਰਗਿਆਂ ਤੁਪਕਿਆਂ ਨੂੰ ਕਾਰ ਦੇ ਵਾਇਪਰਜ ਵੱਟ ਪੱਟ ਕਿਸੇ ਹੁਕਮ-ਬੱਧ ਨੌਕਰ ਵਾਂਗ ਸਾਫ ਕਰ ਦਿੰਦੇ। -

ਮੈਂ ਆਲੇ-ਦੁਆਲੇ ਤੋਂ ਬ-ਖਬਰ ਹੋ ਕੇ ਸੋਚਾਂ 'ਚ ਟੁਬੀ ਮਾਰ ਗਿਆ ..."ਉਹ ਸੈਰ ਕਰਨ ਆ ਰਿਹਾ ਸੀ ... ਸੈਰ ਦੇ ਬਹਾਨੇ ਆਏ ਲੋਕ ਮੇਰੇ ਖਿਆਲਾਂ 'ਚ ਭੌਣ ਲੱਗੇ। ਮੈਨੂੰ ਲਗਿਆ ਜਿਵੇਂ ਮੈਂ ਹੀ ਮੇਰੇ ਰਿਸ਼ਤੇਦਾਰਾਂ 'ਚੋਂ ਲਗਦਾ ਭਰਾ ਹੋਵਾਂ। ਤੇ ਫੱਟਾ ਬੇ-ਢਵਾ ਜਿਹਾ...ਕਰੜ-ਬਰੜੀ ਦਾੜੀ ਵਾਲਾ...ਆਪਣੇ ਮੇਚੇ ਤੋਂ ਛੋਟਾ ਤੇ ਅਨ-ਢੁਕਵਾਂ ਜਿਹਾ ਸੂਟ ਪਾਈ ਅਫਸਰ ਲਈ ਪਰੇਸ਼ਾਨੀ ਦਾ ਕਾਰਣ ਬਣ ਰਿਹਾ ਹੋਵਾਂ ਤੇ ਉਸ ਦੀਆਂ ਅੱਖਾਂ 'ਚੋਂ ਤਰਦੇ ਲਫਜ਼ ਮੈਨੂੰ ਸਾਫ ਸੁਣਾਈ ਦਿੰਦੇ ਹੋਣ 'ਤੂੰ...ਤੂੰ ਸੈਰ ਕਰਨ ਆਇਐ...ਤੇਰੀ ਵਜਾ ਸੈਰ ਕਰਨ ਵਾਲੀ ਐ ? ਤੂੰ ਤਾਂ ਕੋਈ ਜਾਂਗਲੀ ਲੱਗਦੇਂ...ਤੈਨੂੰ ਅੰਗਰੇਜ਼ੀ ਦਾ ਇਕ ਅੱਖਰ ਵੀ ਨਹੀਂ ਆਉਂਦਾ।" ਮੇਰੇ ਗਲੇ 'ਚ ਹਜ਼ਾਰਾਂ ਅਣਕਹੇ ਲਫਜ਼ ਜਿਵੇਂ ਅੜ ਗਏ ਹੋਣ। ਮੈਂ ਉਸ ਭਰਾ ਬਾਰੇ ਤੇ ਉਸ ਵਰਗੇ ਹੋਰ ਹਜ਼ਾਰਾਂ ਏਸ਼ੀਅਨ ਸੈਲਾਨੀਆਂ ਬਾਰੇ ਸੋਚਣ ਲੱਗਾ..."ਜਿਨਾਂ ਨੇ ਕਦੇ ਜ਼ਿਦਗੀ 'ਚ ਦਿੱਲੀ, ਲਾਹੌਰ ਵੀ ਨਾ ਦੇਖਿਆ ਹੋਵੇ ਕਸ਼ਮੀਰ ਦੀ ਤਾਂ ਗਲ ਹੀ ਦੂਰ ਐ, ਉਨ੍ਹਾਂ ਇੰਗਲੈਂਡ ਦੀ ਸੈਰ ਕੀ ਕਰਨੀ ਹੋਈ। ਇਥੇ ਪਹੁੰਚ ਕੇ ...ਅਸਾਂਨੂੰ ਨਾ ਫੈਕਟਰੀ ਤਕ ਪਹੁੰਚਣ ਦੀ ਸੈਰ ਨਸੀਬ ਹੋਈ...ਉਹ ਵੀ ਹਜਾਰ ਤਰ੍ਹਾਂ ਦੇ ਪਾਪੜ ਵੇਲ ਕੇ, ਝੂਠ

ਤੂਫਾਨ ਤੋਲ ਕੇ। ਦਿਲ ਬਹਿਲਾਵੇ ਦੀ ਥਾਂ ਹੱਡ...ਤੋੜਵੀਂ ਮੇਹਨਤ ਜਿਸ ਪਿਛੋਂ ਆਦਮੀ ਦੀ ਸੋਚ ਨੂੰ ਸਿਉਂਕ ਲਗ ਜਾਂਦੀ ਐ। ਸਵੇਰ ਦੇ ਕਲਾਕ ਵੱਜਣਦਾ ਖਿਆਲ ਅਚੇਤ ਸੁਚੇਤ ਮਨ 'ਚ ਸ਼ੋਰ ਮਚਾਉਦੇ ਰਹਿੰਦੇ। ਕੋਈ ਪਿੰਡ ਲਈ ਉਗਰਾਹੀ ਲਈ, ਕੋਈ ਸਰਕਾਰੀ ਖਰਚ ਤੇ ਵਜ਼ੀਰ ਜਾਂ ਵੱਡਾ ਲੀਡਰ ਆਉਂਦੇ।........ ਕੋਈ ਸੰਤ ਮਹਾਤਮਾ ਦੇ ਰੂਪ 'ਚ ਸ਼ੈਤਾਨ ਭੋਲੇ ਭਾਲੇ ਲੋਕਾਂ ਦੇ ਵਿਸ਼ਵਾਸ਼ ਨੂੰ ਧੋਖਾ ਦਿੰਦਾ ਹੋਇਆ...ਉਨ੍ਹਾਂ ਦੀ ਖ਼ੂਨ ਪਸੀਨੇ ਦੀ ਕਮਾਈ ਨਾਲ ਥੈਲੇ ਭਰ ਕੇ ਲੈ ਜਾਂਦੇ।" ਮੈਂ ਸੋਚਿਆ "ਉਹ ਕਿਸ ਕਿਸਮ ਦਾ ਸੈਲਾਨੀ ਹੋਵੇਗਾ ?"

ਪਤਨੀ ਵੀ ਸੋਚਾਂ 'ਚ ਮਗਨ ਸੀ। ਅਚਾਨਕ ਖਾਮੋਸ਼ੀ ਤੋੜਦੀ ਬੋਲੀ..."ਅਸੀਂ ਉਨ੍ਹਾਂ ਨੂੰ ਖਾਣਾ ਬਾਹਰ ਨਹੀਂ ਜੇ ਖਵਾਉਣਾ, ਪਤਾ ਨਹੀਂ ਕਿਹੋ ਜਿਹੀਆਂ ਬੇਹੀਆਂ-ਤ-ਬੇਹੀਆਂ ਚੀਜਾਂ ਸਰਵ ਕਰਦੇ ਆ। ਮੈਂ ਸੁਦੇਸ਼ ਨੂੰ ਬੁਲਾ ਲਵਾਂਗੀ। ਉਸ ਕੋਲ ਰਸੋਈ ਦਾ ਡਿਪਲੋਮਾ ਹੈ...ਖਾਣਾ ਘਰ ਹੀ ਬਣਾਇਆ ਕਰਾਂਗੇ।" ਮੈਨੂੰ ਉਸ ਦੀ ਗੱਲ ਤੇ ਰੋਜ਼ ਜਿਹਾ ਹੋਇਆ ... "ਲੈ ਭਲਾ ਸੋਚੀ ਜਾ ਰਹੀ ਹੈ ਉਸ ਦੇ ਖਾਣੇ ਬਾਰੇ। ਇਸ ਭਲੀ-ਲੋਕ ਨੂੰ ਪੁਛਣ ਵਾਲਾ ਹੋਵੇ... ਬਈ ਉਹ ਕਿਹੜਾ ਕੋਈ ਅਰਬ ਦਾ ਸ਼ੇਖ ਆ। ਹਿੰਦੁਸਤਾਨੀ ਈ ਐ...ਜਿਥੇ ਅਸੀਂ ਹਜਾਰਾਂ ਭੁਖੇ ਪੇਟ ਸੌਂਦੇ ਹਾਂ, ਸੜਕਾਂ ਗਲੀਆਂ ਤੇ ਭੀਖ ਮੰਗਦੇ ਹਾਂ। ਸਾਡੀਆਂ ਔਰਤਾਂ ਗਲੀਆਂ ... ਰੂੜੀਆਂ 'ਚੋਂ ਬਾਲਣ ਚੁਗਦੀਆਂ ਹਨ। ਆਪਣੇ ਬਚਿਆਂ ਦੇ ਮੂੰਹ 'ਚ ਬੁਰਕੀ ਪਾਉਣ ਲਈ ਜੂਝਦੀਆਂ ਮਾਵਾਂ, ਟੋਕਰੀ ਢੋਂਹਦੀਆਂ, ਪਿੰਜਰ ਰੂਪੀ ਮਾਵਾਂ ਨੂੰ ਦੁੱਧ ਦੀ ਬੂੰਦ ਲਈ ਢੂੰਡਦੇ ਬਾਲ ਤੇ ਉਪਰੋਂ ਮਾਲਕਾਂ ਦੀ ਸਖਤੀ।" ਮੈਂ ਬੇ-ਅਰਾਮ ਹੋਗਿਆ। ਮੇਰੇ ਜ਼ਿਹਨ 'ਚ ਬਗਾਵਤ ਉਠ ਖਲੋਤੀ। ਗੱਡੀ ਦੇ ਗੇੜੇ ਕੱਢ ਕੇ ਟਕਰਾਉਂਦੀ...ਟਕਰਾਉਂਦੀ ਬਚੀ। ਮੇਰੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਉਭਰ ਆਈਆਂ ਜਿਵੇਂ ਬਗਾਵਤ ਦੇ ਅੱਥਰੂ ਹੋਣ। ਪਤਨੀ ਵੀ ਘਬਰਾ ਗਈ। ਉਸ ਨੇ ਕਾਹਲੀ ਨਾਲ ਬੋਤਲ 'ਚੋਂ ਠੰਢਾ ਪਾਣੀ ਮੈਨੂੰ ਦਿੱਤਾ। ਕਾਰਦੀ ਖਿੜਕੀ ਖੋਲਣ ਤੇ ਤਾਜ਼ੀ ਹਵਾ ਨੇ ਮੈਨੂੰ ਸੁਰਤ ਸਿਰ ਕਰ ਦਿਤਾ। ਮੈਂ ਬੁੜਬੁੜਾਇਆ ... "ਨਹੀਂ ਬਗਾਵਤ ਅੱਥਰੂ ਨਹੀਂ ਵਹਾਏਗੀ... ਸ਼ੇਰ ਵਾਂਗ ਗਰਜੇਗੀ।"

"... ਹੈਂ ? ਤੁਸੀਂ ;ਕੀ ... ਤੁਸੀਂ ... ਕੀ ਬੁੜ-ਬੁੜ ਕਰ ਰਹੇ ਹੋ ?"

..."ਕੁਝ ਨਹੀਂ...ਜਜ਼ਬਾਤਾਂ 'ਚ ਭੁਚਾਲ ਜਿਹਾ ਆ ਗਿਐ।" ਤਾਜੀ ਹਵਾ 'ਚ ਲੰਮਾ ਸਾਰਾ ਸਾਹ ਲੈਂਦਿਆਂ ਅਸ਼ੀਂ ਫਿਰ ਚਾਲੇ ਪਾ ਦਿਤੇ। ਮੌਸਮ ਦੇ ਏਨੀ ਛੇਤੀ ਬਦਲਣ ਬਾਰੇ ਅਸੀਂ ਗਲਾਂ ਕਰਨ ਲਗੇ। ਸ਼ੀਸ਼ਿਆਂ ਵਿਚੋਂ ਕੋਸੀ...ਕੋਸੀ ਧੁਪ ਅੰਤਾਂ ਦੀ ਨਿਘੀ ਲਗਣ ਲਗੀ।

ਏਨੇ ਚਿਰ ਨੂੰ ਅਸੀਂ ਹਵਾਈ ਅੱਡੇ ਤੇ ਪਹੁੰਚ ਗਏ। ਕਾਰ ਨੂੰ ਕਾਰ ਪਾਰਕ 'ਚ ਖੜੀ ਕਰਕੇ ਚਾਈਂ.. ਚਾਈਂ ਹੋਰ ਉਡੀਕਵਾਨ ਨਜਰਾਂ 'ਚ ਜਾ ਸ਼ਾਮਲ ਹੋਏ। ਸ਼ਾਇਦ ਕੋਈ ਹੋਰ ਜਹਾਜ ਲਗਿਆ ਸੀ ...ਵਿਛੜੇ ਮਿਲ ਰਹੇ ਸਨ...ਜਵਾਨ ਯੂਰਪੀਅਨ ਜੋੜੇ. ਇਕ ਦੂਜੇ ਦੇ ਕਲਾਵੇ ਭਰਦੇ ਚੁੰਮ ਰਹੇ ਸਨ। ਡੁਲ੍ਹ...ਡੁਲ੍ਹ ਪੈਂਦੀ ਖੁਸ਼ੀ ਹੰਸੂ ... ਹੰਸੂ ਕਰਦੇ ਚਿਹਰੇ ਮਨ...ਭਾਉਂਦਾ ਦਰਿਸ਼ ਪੇਸ਼ ਕਰ ਰਹੇ ਸਨ। ਏਸ਼ੀਅਨ ਜੋੜੇ ... ਆਪਣੀ ਸਭਿਅਤਾ ਦਾ ਬੁਰਕਾ ਪਾਈ...ਸਤਿ ਸ੍ਰੀ ਅਕਾਲ, 'ਨਮਸਤੇ' ਅਤੇ 'ਹੈਲੋ' ਕਰ ਰਹੇ ਸਨ ...ਸ਼ਰਮ ਨਾਲ ਲਾਲ ਹੁੰਦੇ ਚਿਹਰੇ...ਝਿਝਕਦੀਆਂ ਅੱਖਾਂ...ਜੋਰ ਨਾਲ ਧੜਕਦੇ ਸੀਨੇ ਸੁੰਗੜ ਰਹੇ ਸਨ। ਏਸ਼ੀਆ ਤੋਂ ਆਏ ਬੱਚੇ ਮਰਦਾਂ ਨਾਲ ਘੁੱਲ ਮਿਲ ਨਹੀਂ ਸਨ ਰਹੇ...ਹਾਂ, ਏਨੀ ਦੂਰ ਰਹਿ ਕੇ ਅਜਨਬੀ ਹੀ ਤਾਂ ਬਣ ਜਾਈਦਾ ਹੈ...ਸ਼ਕਲਾਂ ਧੁੰਦਲੀਆਂ ਪੇ ਜਾਂਦੀਆਂ ਹਨ...ਜਵਾਨੀ ਬੁਢੇਪੇ ਵੱਲ ਨਸ ਤੁਰਦੀ ਹੈ... ਬਚਪਨ-ਜਵਾਨੀ ਦੇ ਡੰਡਿਆਂ ਤੇ ਪੈਰ ਰਖਦੇ...ਆਪਣਾ ਖ਼ੂਨ, ਆਪਣਾ ਪਿਆਰ ਜਹਾਜੋਂ ਅਜਨਬੀ ਬਣ ਕੇ ਉਤਰਦੇ। ਵਿਛੋੜੇ ਦਾ ਗਮ...ਮਿਲਣ ਦੀ ਖੁਸ਼ੀ ਦਾ ਮਿਲਗੋਭ ਜ਼ਿਹਾ ਹੱਡੀਆਂ 'ਚੋਂ ਰੀਂਘਦਾ ਹੋਣੈ।

ਫੇਰ ਪੈਨ-ਅਮੈਰਕਿਨ ਦਾ ਨਾਉਂ ਬੋਲਿਆ ਗਿਆ...ਸਾਡੇ ਦਿਲ 'ਚ ਉਕਸਾਹਟ ਜਿਹੀ ਹੋਈ...ਇਸ ਜਹਾਜ 'ਚ ਹੀ ਉਸ ਆਉਣਾ ਸੀ...ਮੁਸਾਫਰ ਆਉਣੇ ਸ਼ੁਰੂ ਹੋ ਗਏ। ਸਾਡੀਆਂ ਅੱਖਾਂ ਵੀ ਕੇਂਦਰਿਤ ਬਿੰਦੂ ਵਾਂਗ ਉਸ ਨੂੰ ਟੋਲਣ ਲੱਗੀਆਂ। ਇੱਕ ਦੋ ਵਾਰ ਭੁਲੇਖਾ ਪਿਆ ...ਪਰ ਉਹ ਕੋਈ ਹੋਰ ਹੀ ਨਿਕਲੇ। ਅਖੀਰ ਚ ਅਸਾਂ ਇਕ ਸੇਠਾਨਾ ਕਿਸਮ ਦਾ ਬੰਦਾ ਆਉਂਦਾ ਵੇਖਿਆ...ਕਾਫੀ ਕੀਮਤੀ ਕਪੜੇ ...ਜਮੀਨ 'ਚ ਕਲਰ ਦੀ ਧੋੜੀ ਵਰਗਾ ਸਿਰ, ਧੋਣ ਦਾ ਢਿਲਕਿਆ ਮਾਸ ਤਕਰੀਬਨ ਧੜ ਨਾਲ ਖਹਿੰਦਾ ਜਾਪਦਾ ਸੀ। ਇੱਕ ਹੱਥ 'ਚ ਬਰੀਫ ਕੇਸ ਤੇ ਦੂਸਰੇ ਨਾਲ ਸਮਾਨ ਵਾਲੀ ਰੇਹੜੀ ਜਿਹੀ ਧਕੀ ਆਉਂਦਾ ਉਹ ਬੜਾ ਅਜੀਬ ਤੇ ਹੱਸਾਉਣਾ ਲਗ ਰਿਹਾ ਸ਼ੀ। ਉਹ ਲੱਗ-ਪਗ ਹੌਂਕਦਾ ਹੋਇਆ-ਸਾਡੇ ਕੋਲੋਂ ਆ ਕੇ ਪੁਛਣ ਲਗਾ ...'ਕੀ ਤੁਸੀਂ ਹੀ ਮਿਸਟਰ ਰਮੇਸ਼ ਹੋ ? ਮੈਂ ਕਸ਼ਮੀਰ ਦਾ ਰਿਸ਼ਤੇ-ਦਾਰ ਹਾਂ।" ਮੈਂ ਹੈਰਾਨੀ ਦੇ ਭਾਵ ਨੂੰ ਲਕੋਂਦਿਆਂ...ਹੱਥ ਮਲਾਂਦਿਆਂ ਕਿਹਾ..."ਜੀ ਹਾਂ, ਬੜੀ ਖੁਸ਼ੀ ਹੋਈ ਤੁਹਾਨੂੰ ਮਿਲਕੇ," ਮੈਂ ਆਪਣੀ ਪਤਨੀ ਨਾਲ ਉਸਦੀ ਵਾਕਫੀਅਤ ਕਰਵਾਈ ਅਤੇ ਫਿਰ ਸਭਿਅਤਾ ਦੇ ਤਕਾਜ਼ੇ ਨੂੰ ਨਜਰ-ਅੰਦਾਜ ਕਰਦਿਆਂ ਪੁਛਿਆ..."ਤੁਹਾਨੂੰ ਰਸਤੇ 'ਚ ਕੋਈ ਤਕਲੀਫ ਤਾਂ 'ਨੀਂ ਹੋਈ ?" ਨਾਲ ..ਨਾਲ ਮੇਰੀ ਸੋਚ ...ਮੇਰੀ ਖੋਪਰੀ 'ਚ ਟੱਕਰਾਂ ਮਾਰ ਰਹੀ ਸੀ ਕਿ ਇਹ ਕਿਹੜਾ ਕਸ਼ਮੀਰ ਦਾ ਰਿਸ਼ਤੇਦਾਰ ਹੋਏਗਾ...ਮੈਂ ਤਾਂ ਤਕਰੀਬਨ ਸਾਰਿਆਂ ਨੂੰ ਜਾਣਦਾ ਸਾਂ।

ਉਹ ਡਾਢੀ ਹੀ ਰੁੱਖੀ ਅਵਾਜ 'ਚ ਬੋਲਿਆ "ਰਸਤੇ ਦੀ ਤਾਂ ਖਾਧੀ ਕੜ੍ਹੀ ਏਥੇ ਇਹ ਕੁੱਤੇ ਦੇ ਪੁੱਤ ਆਪਣੇ ਆਪ ਨੂੰ ਸਮਝਦੇ ਕੀ ਆ ? ਮੈਨੂੰ ਦੇਖ ਕੇ ਵੱਡੇ-ਵੱਡੇ ਅਫਸਰ ਸਿਰ ਨਿਵਾ ਕੇ ਖੜੇ ਹੋ ਜਾਂਦੇ ਐ...ਜਿਧਰ ਜਾਓ ਝੁੱਕ-ਝੁੱਕ ਸਲਾਮਾਂ ਹੁੰਦੀਆਂ ਆਂ।... ਇਹ ਸਾਲੇ...ਭੈਣ ਦੇ......ਹਜ਼ਾਰ ਸੁਆਲ ਪੁਛਦੇ ਆ...ਜਿਵੇਂ ਮੈਂ ਕੋਈ ਇਨ੍ਹਾਂ ਦਾ ਚਪੜਾਸੀ ਜਾਂ ਸਫਾਈ ਕਰਨ ਵਾਲਾ ਨੌਕਰ ਹੋਵਾਂ। ਫਿਰ ਇਹ ਰੇਹੜੀ ਮੈਨੂੰ ਖੁਦ ਧੂਣੀ ਪਈ," ਉਸ ਨੇ ਕਿਸੇ ਤਰਸ ਜਿਹੇ ਦੇ ਭਾਵ ਨਾਲ, ਆਪਣੇ ਹੱਥ ਵੱਲ ਵੇਖਿਆ। ਮੈਂ ਉਸ ਦੇ ਕੋਲੋਂ ਛੇਤੀ ਨਾਲ ਸਮਾਨ ਫੜਿਆ ਤੇ ਅਸੀਂ ਅੱਡੇ ਤੋਂ ਬਾਹਰ ਆ ਗਏ। ਉਹ ਫੇਰ ਭੜਕ ਉਠਿਆ..."ਪਿਛੇ ਕੁਲੀ ਮਗਰ-ਮਗਰ ਫਿਰਦੇ ਆ, ਜਿੰਨਾ ਮਰਜੀ ਸਮਾਨ ਹੋਵੇ...ਕਦੇ

ਤਕਲੀਫ ਨਹੀਂ ਹੋਣੀ।" ਉਸ ਨੂੰ ਖੁਦ ਸਮਾਨ ਚੁੱਕਣ ਦਾ ਅਜੇ ਵੀ ਰੰਜ ਸੀ। ਮੇਰੀਆਂ ਸੋਚਾਂ ਤੜਪ ਉਠੀਆਂ ..."ਕੀ ਉਹ ਕੁਲੀ ਬੰਦੇ ਨਹੀ ਹੁੰਦੇ ? ਅਸੀਂ ਜੋ ਦਿਹਾੜੀ ਦਾ ਹਜ਼ਾਰ...ਹਜਾਰ ਬਕਸਾ ਚੁਕਦੇ ਆਂ ਕੀ ਸਾਡੇ 'ਚ ਜਾਨ ਨਹੀਂ ?" ਰੋਕਦਿਆਂ... ਰੋਕਦਿਆਂ ਮੇਰਾ ਹੋਕਾ ਨਿਕਲ ਗਿਆ ...ਮੇਰੇ ਮਨ 'ਚ ਆਇਆ ...ਮੇਰੀ ਮਹਿ ਜਿੱਡੇ ਜਿਗਰੇ ਵਾਲੀ ਮਾਂ ਕੋਲ ਹੋਵੇ...ਮੈਂ ਉਸ ਦਾ ਸ਼ੀਨਾ...ਡੱਕੇ ਅੱਥਰੂਆਂ ਨਾਲ ਹੰਗਾਲ ਛੱਡਾਂ। ਪਤਨੀ ਨਾਲ ਅੱਖ ਮਿਲਾਉਣ ਤੋਂ ਮੈਂ ਝਿਜਕ ਰਿਹਾ ਸਾਂ। ਕਾਰ ਦੇ ਪਿਛੇ ਸਮਾਨ ਰਖਦਿਆਂ ...ਮੇਰੀ ਹਾਲਤ ਉਨ੍ਹਾਂ ਲੋਕਾਂ ਵਰਗੀ ਹੋ ਗਈ ਜੋ ਸਾਡੇ ਇਨ੍ਹਾਂ ਲੱਖ-ਪਤੀਆਂ ਦੀ ਰਾਤ ਦਿਨੇ ਗੁਲਾਮੀ ਕਰਦੇ ਹਨ।

ਲੰਡਨ ਦੀ ਅਥਾਹ ਭੀੜ 'ਚ ਮੇਰਾ ਧਿਆਨ ਕੁਝ ਦੇਰ ਲਈ ਇਨ੍ਹਾਂ ਵਾਪਰੀਆਂ ਘਟਨਾਵਾਂ ਤੋਂ ਬੇ-ਲਾਗ ਰਿਹਾ। ਪਰ ਮੋਟਰ-ਵੇ ਤੇ ਫਿਰ ਮੈਂ ਸੋਚਾਂ 'ਚ ਗਰਕ ਗਿਆ। ਸਾਡੇ ਤਿੰਨਾਂ 'ਚ ਇਕ ਅਜੀਬ ਜਿਹੀ ਕਿਸਮ ਦੀ ਘੁੱਟਨ ਵਰਗੀ ਚੁੱਪ ਪਸਰ ਗਈ। ਸਾਡੇ ਸਾਹਾਂ ਦੀ ਅਵਾਜ ਵੀ ਉਸਦੇ ਸਾਹ ਦੀ ਅਵਾਜ਼ 'ਚ ਦਮ ਤੋੜ ਗਈ। ਕਾਰ ਦੇ ਸ਼ੀਸ਼ੇ 'ਚੋਂ ਪਤਨੀ ਦਾ ਚਿਹਰਾ ਸਾਫ ਦਿਖਾਈ ਦੇ ਰਿਹਾ ਸੀ। ਉਸ ਦੀਆਂ ਨਜਰਾਂ ਦੀ ਤਪਸ਼ ਮੇਰੀ ਪਿੱਠ ਲੂਹ ਰਹੀ ਸੀ ਜਿਵੇਂ ਕਹਿ ਰਹੀ ਹੋਵੇ..."ਹੂੰ ਦੇਖ ਲਿਆ ਤੁਹਾਡੇ ਕਸ਼ਮੀਰੇ ਦਾ ਭਾਈਵੰਦ, ਇਹੋ ਜਿਹਾ ਹੀ ਕਸ਼ਮੀਰਾ ਹੋਵੇਗਾ," ਅੱਜ ਤਕ ਮੈਂ ਪਤਨੀ ਦੇ ਸ਼ਾਹਮਣੇ ਕਦੇ ਏਨਾ ਜਲੀਲ ਅਨੁਭਵ ਨਹੀਂ ਸੀ ਕੀਤਾ। ਮੇਰੇ ਕੋਲ ਉਸ ਦੀਆਂ ਨਜਰਾਂ ਦੀ ਤਾਬ ਨਾ ਝੱਲੀ ਗਈ। ਮਿਠੇ ਮਿਠੇ ਅਰਮਾਨਾਂ ਦੇ ਮਹਿਲ ਢਹਿ ਢੇਰੀ ਹੋ ਗਏ। ਮੇਰੇ 'ਚ ਦੋ ਤਾਕਤਾਂ ਝਗੜਨ ਲਗੀਆਂ...ਕਦੀ ਇਕ ਜਿਤ ਜਾਵੇ ਕਦੇ ਦੂਜੀ ..."ਚਲੋ ਕਸਮੀਰ ਨੇ ਸਾਰਿਆਂ ਦਾ ਠੇਕਾ ਥੋੜ੍ਹਾ ਲਿਆ ਹੋਇਐ, ਕੋਈ ਦੂਰ ਦਾ ਰਿਸ਼ਤੇਦਾਰ ਵੀ ਤਾਂ ਹੋ ਸਕਦੇ...ਨਹੀਂ...ਨਹੀਂ, ਖਾਸ-ਬੰਦੇ ਤਾਂ ਰਿਸ਼ਤੇਦਾਰ ਹੀ ਨਹੀਂ ਦਿਲ ਦੇ ਬਹੁਤ ਨੇੜੇ ਹੁੰਦੇ ਆ।"

ਹੁਣ ਦੁਬਾਰਾ ਹਲਕੀ ... ਹਲਕੀ ਬਾਰਸ਼ ਸ਼ੁਰੂ ਹੋ ਗਈ। ਇਹ ਕਣੀਆਂ ਮੈਨੂੰ ਅੰਤਾਂ ਦੀਆਂ ਚੰਗੀਆਂ ਲਗੀਆਂ...ਜਿਵੇਂ ਕੁਦਰਤ ਨੇ ਮੇਰੇ ਤਪਦੇ ਸੀਨੇ ਤੇ ਠੰਡੇ ਪਾਣੀ ਦਾ ਛਿੜਕਾ ਕਰ ਦਿਤਾ ਹੋਵੇ। ਮੈਂ ਸ਼ਾਂਤ ਭਾਵ 'ਚ ਮਹਿਮਾਨ ਨੂੰ ਪੁਛਿਆ..."ਜੀ। ਪਿਛੇ ਆਪਣਾ ਕਾਰੋਬਾਰ ਕੀ ਆ ?" ਉਸਦਾ ਮੂੰਹ ਮਾਣ ਜਿਹੇ 'ਚ ਚਮਕ ਉਠਿਆ। ਮੈਂ ਚੋਰੀ...ਚੋਰੀ ਉਸ ਦੇ ਚਿਹਰੇ ਦੇ ਭਾਵ ਪੜ੍ਹਦਾ ਰਿਹਾ।..."ਕਾਰੋਬਾਰ, ਆਹਾ...ਹਾ...ਹਾ। ਤੁਹਾਨੂੰ ਕਸ਼ਮੀਰ ਨੇ ਨਹੀਂ ਦਸਿਆ ? ਮੈਨੂੰ ਲੁਧਿਆਣੇ 'ਚ ਕੌਣ 'ਨੀਂ ਜਾਣਦਾ। ਆਪਾਂ ਅੱਧੇ ਗ਼ਰੀਬਾਂ ਦੇ ਅੰਨ ਦਾਤਾ ਹਾਂ। ਕਈ ਹੌਜਰੀ ਦੀਆਂ ਫੈਕਟਰੀਆਂ ਹਨ...ਕਪੜ ਦੀਆਂ ਦੁਕਾਨਾਂ...ਸਿਨਮੇਂ ... ਕੋਈ ਕਾਰੋਬਾਰ ਦੀ ਗਿਣਤੀ ਆ। ਪੈਸਾ-ਈ-ਪੈਸਾ ਆ...ਸਮਝ ਨਹੀਂ ਲਗਦੀ ਸਰਕਾਰ ਦੇ ਟੈਕਸਾਂ ਤੋਂ ਕਿਵੇਂ ਬਚਾਅ ਹੋਵੇ। ਵੈਸੇ ਤਾਂ ਕਹਿੰਦੇ ਆ ਭਗਵਾਨ ਰਿਜਕ ਦਿੰਦਾ ਆ ਤਾਂ ਉਸ ਨੂੰ ਸਾਂਭਣ ਦੇ ਤ਼ਰੀਕੇ ਵੀ ਦਿਮਾਗ 'ਚ ਪਾ ਦਿੰਦੈ। ਹੁਣ ਮੈਂ ਪਹਿਲਾਂ ਨਾਲੋਂ ਵੀ ਹੈਰਾਨ ਹੋ ਰਿਹਾ ਸਾਂ... "ਆਪਣੇ ਆਮ ਲੋਕਾਂ ਦਾ ਕੀ ਹਾਲ ਐ, ਪਹਿਲਾਂ ਨਾਲੋਂ ਤਾਂ ਚੰਗਾ - ਈ - ਹੋਵੇਗਾ। ਜਦ ਕਿ ਤੁਹਾਡੇ ਵਰਗੇ ਇਨਸਾਨ ਉਨ੍ਹਾਂ ਲਈ ਨੌਕਰੀਆਂ ਪੈਦਾ ਕਰਦੇ ਆ।"

ਉਸ ਦੇ ਚਿਹਰੇ ਦੀ ਰੌਣਕ ਮਾਨੋਂ ਭੰਗ ਹੋ ਗਈ..."ਲੋਕ ਸਾਲੇ ! ਤਾਂ ਐਵੇਂ ਰਊਂ...ਰਊਂ ਕਰਦੇ ਆ। ਪਤਾ ਨਹੀਂ ਚੰਗਿਆਂ ਭਲਿਆਂ ਨੂੰ ਕੌਣ ਪੱਟੀਆਂ ਪੜ੍ਹਾ ਦਿੰਦਾ ਆ। ਕਦੀ ਕੰਨ 'ਚ ਪਾਏ ਨਹੀਂ ਸੀ ਰੜਕਦੇ ਹੁੰਦੇ...ਹੁਣ ਨਿੱਤ ਦਿਹਾੜੇ ਕੋਈ ਨਾ ਕੋਈ ਅਡੰਬਰ ਰੱਚ ਲੈਂਦੇ ਆ...ਅਖੇ ਜੀ ਤਨਖਾਹਾਂ ਥੋੜ੍ਹੀਆਂ ਹਨ, ਬੋਨਸ ਚਾਹੀਦੇ ਆ, ਬਿਮਾਰ ਦੇ ਭੱਤੇ, ਵਧੇਰੇ ਛੁਟੀਆਂ ਮੰਗਦੇ ਆ... ਜਿਵੇਂ ਵਿਹਲੇ ਰਹਿ ਕੇ ਹਰਾਮਜਾਦਿਆਂ ਮਾਂ ਦਾ ਸਿਰ ਘੁਟਣੈ। ਕੰਜਰਾਂ ਨੇ ਨੱਕ 'ਚ ਦਮ ਕੀਤਾ ਹੋਇਐ। ਉਹੋ ਲੋਕ ਜਿਹੜੇ ਵੀਹ ਵਾਰੀ ਜਨਾਬ ...ਜਨਾਬ ਕਰਦੇ ਸੀ ਹੁਣ ਆਕੜ 'ਨੀ ਪਾਈ ਜਾਂਦੀ। ਉਨਾਂ ਨਾਲ ਦੁਸ਼ਮਣੀ ਪਾ ਕੇ ਕੰਮ ਦਾ ਨੁਕਸਾਨ ਹੁੰਦੈ।"

ਮੈਂ ਹੁਣ ਕਾਫੀ ਹਲਕਾ ਮਹਿਸੂਸ ਕਰ ਰਿਹਾ ਸਾਂ..."ਅੱਛਾ ! ਅੱਛਾ ਮੈਂ ਡਰਦਾ ਸਾਂ ਮਤੇ ਕੋਈ ਗਲਤ ਗੱਲ ਮੂੰਹੋਂ ਕੱਢ ਬੈਠਾਂ। ਉਹ ਫਿਰ ਗੁਟਕਿਆ...'ਮੇਰੇ ਇਥੇ ਆਉਣ ਦਾ ਮਕਸਦ...ਈ ਇਹੋ ਆ ਬਈ ਜਿੰਨੀਆਂ ਹੋ ਸਕਣ ਆਟੋਮੈਟਿਕ ਮਸ਼ੀਨਾਂ ਦੇਖਣੀਆਂ ਹਨ ਤਾਂ ਕਿ ਕੰਮ ਕਰਨ ਲਈ ਘਟ ਤੋਂ ਘਟ ਕਾਮਿਆਂ ਦੀ ਲੋੜ ਪਵੇ। ਜਦੋਂ ਨੌਕਰੀਆਂ ਛੁਟ ਜਾਣ ਦਾ ਡਰ ਹੋਇਆਂ ਤਾਂ ਉਨ੍ਹਾਂ ਕੀ ਉਨ੍ਹਾਂ ਦੇ ਵਡੇ ਵਡੇਰਿਆਂ ਵੀ ਮੇਰੇ ਦਿਤੇ ਪੈਸਿਆਂ ਤੇ ਕੰਮ ਕਰਨੈ।" ਮੈਂ ਸਾਰਾ ਕਿਸਾ ਸਮਝ ਗਿਆ।

ਘਰ ਆ ਕੇ ਉਸ ਨੂੰ ਚਾਹ ਪਾਣੀ ਦਾ ਪੁਛਿਆ। ਉਸ ਨੇ ਪਿਆਸ ਦਾ ਬਹਾਨਾ ਬਣਾਇਆ। ਮੈਂ ਸਮਝ ਗਿਆ ਉਸ ਕਿਸਮ ਦੇ ਬੰਦੇ ਨੂੰ ਪਿਆਸ ਕਿਹੋ ਜਿਹੀ ਲਗਦੀ ਆ। ਬੀਅਰ ਮੰਗਵਾਈ ਗਈ...ਉਹ ਡਬਿਆਂ ਦੇ ਡਬੇ ਖਾਲੀ ਕਰੀ ਗਿਆ। ਆਪਣੇ ਵਿੱਤ ਮੁਤਾਬਕ ਬਹਿਸ 'ਚ ਹਿਸਾ ਲੈਂਦਾ ਰਿਹਾ। ਮੇਰੇ ਕੁਝ ਦੋਸਤ ਵੀ ਆਏ ਹੋਏ ਸਨ। ਅੱਖਾਂ ਰਾਹੀਂ ਹੀ ਮੈਨੂੰ ਟਿਚਰਾਂ ਕਰ ਰਹੇ ਸਨ ਕਿ ਮੈਂ ਉਹ ਨਮੂਨਾ ਕਿਹੜੀ ਪਰਦਰਸ਼ਨੀ 'ਚੋਂ ਉਠਾ ਲਿਆਇਆ ਸਾਂ। ਮੇਰੀਆਂ ਅੱਖਾਂ 'ਚ ਉਸ ਬੱਚੇ ਵਰਗੀ ਬੇ-ਕਸੂਰ ਮਾਸੂਮੀਅਤ ਸੀ ਜੋ ਕਿਸੇ ਦੇ ਗਲਤ ਲਿਆਂਦੇ ਬਿਡੋਲੇ ਨਾਲ ਮਨ ਪਰਚਾਉਣ ਦਾ ਯਤਨ ਕਰ ਰਿਹਾ ਹੋਵੇ। ਬੀਅਰ ਤੋਂ ਪਿਛੋਂ ਉਸ ਨੇ ਬਿਸਕੀ ਦੇ ਵੀ ਵੱਟੇ ਚੁਕ ਦਿਤੇ। ਬਿਨਾ ਕੁਝ ਖਾਧੇ ਪੀਤੇ ਹੀ ਉਸ ਉਹ ਸੋਟੀ ਤੇ ਢੇਰੀ ਹੋ ਗਿਆ। ਅਸੀਂ ਬੜੀ ਮੁਸ਼ਕਲ ਨਾਲ ਉਸ ਵੀਹ ਸਟੋਨ ਜਿਨੀ ਭਾਰੀ ਲੋਥ ਜਿਹੀ ਨੂੰ ਸਿਧਿਆਂ ਕਰਕੇ ਲੰਮਾਂ ਪਾਇਆ। ਉਤੇ ਰਜਾਈ ਦੇ ਦਿਤੀ। ਬੜੀ ਮੁਸੀਬਤ ਬਣੀ...ਜੇ ਕਰ ਉਸ ਨੂੰ ਰਾਤ ਨੂੰ ਕੁਝ ਹੋ ਜਾਵੇ...ਜਾਂ...ਜਾਂ... ਅਸੀਂ ਇਸ ਤੋਂ ਅੱਗੇ ਨਾ ਸੋਚ ਸਕੇ। ਰਾਤ ਨੂੰ ਕਈ ਵਾਰੀ ਉਠ ਕੇ ਦੇਖਿਆ। ਧੌਖਣੀ ਵਾਂਗ ਵਜਦੇ ਫਰਾਟਿਆਂ ਤੋਂ ਯਕੀਨ ਬੱਝ ਜਾਂਦਾ ਕਿ ਸੱਤੇ ਖੈਰਾਂ ਸਨ।

ਦੂਜੇ ਦਿਨ ਉਹ ਸਾਰਾ ਦਿਨ ਮਰੇ ਹੋਏ ਕੁੱਤੇ ਵਾਂਗ ਪਿਆ ਰਿਹਾ। ਚਾਹ ਦੇ ਕੱਪ ਤੋਂ ਛੁੱਟ ਉਸ ਨੇ ਕਿਸੇ ਵੀ ਚੀਜ ਨੂੰ ਮੂੰਹ ਨਾ ਲਾਇਆ। ਦੂਜੇ ਦਿਨ ਸ਼ਾਮ ਨੂੰ ਕੁਝ ਦੋਸਤ ਫਿਰ ਆਏ ਹੋਏ ਸਨ। ਸਾਡਾ ਮਹਿਮਾਨ ਦੁਬਾਰਾ ਬੀਅਰ ਪੀ ਰਿਹਾ ਸੀ। ਮੇਰੇ ਇੱਕ

ਡਾਕਟਰ ਦੋਸਤ ਨੂੰ ਉਹ ਬਾਰ...ਬਾਰ ਕਹਿ ਰਿਹਾ ਸੀ..."ਡਾਕਟਰ ਸਾਹਿਬ ! ਮੈਨੂੰ ਭੁਖ 'ਨੀ ਲਗਦੀ ਕੋਈ ਦਵਾਈ ਵਗੈਰਾ ਦਿਓ।" ਡਾਕਟਰ ਸਾਰਾ ਕੁਝ ਸਮਝਦਾ ਹੋਇਆ ਬੋਲਿਆ..."ਜੀ, ਨਹੀਂ ਲਗਦੀ ਤਾਂ ਸਗੋਂ...ਚੰਗੀ ਗੱਲ ਆ। ਭੁੱਖ ਦੇ ਤਾਂ ਸਾਰੇ ਪੁਆੜੇ ਆ"..."ਨਹੀਂ...ਨਹੀਂ...ਡਾਕਟਰ ਸਾਹਿਬ ਰੱਬ ਦੇ ਵਾਸਤੇ, ਮੈਨੂੰ ਕੋਈ ਕੈਪਸੂਲ ਵਗੈਰਾ ਦਿਓ ਤਾਂ ਕਿ ਮੈਂ ਜਿੰਦਗੀ ਦਾ ਅਨੰਦ ਉਠਾ ਸਕਾਂ ...ਮੈਨੂੰ ਹੁਣੇ ਕੋਈ ਦਵਾਈ ਦਿਓ।" ਉਹ ਜਿਦ ਕਰੀ ਜਾ ਰਿਹਾ ਸੀ। ਮੈਂ ਜਿੰਦਗੀ 'ਚ ਇਸ ਤਰ੍ਹਾਂ ਕਿਸੇ ਨੂੰ ਕਿਸੇ ਚੀਜ ਲਈ ਤਰਸਦਿਆਂ ਘੱਟ ਹੀ ਵੇਖਿਆ ਸੀ। ਸਾਹਮਣੇ ਰੋਟੀ ਪਰੋਸੀ ਪਈ ਸੀ। ਮੇਰੇ ਸੰਘੋਂ ਬੁਰਕੀ ਨਹੀਂ ਸੀ ਲੰਘਦੀ। ਕਮਾਲ ਸੀ...ਕੋਈ ਤਾਂ ਭੁੱਖ ਦੁਖੋਂ ਤੰਗ ਹੁੰਦੇ ਤੇ ਉਹ ਭੁੱਖ ਲਾਉਣ ਲਈ ਲੇਲੜੀਆਂ ਕਢ ਰਿਹਾ ਸੀ। ਮੈਂ ਮਨ 'ਚ ਦੋਹਾਂ ਤਰ੍ਹਾਂ ਦੇ ਮੰਗਤਿਆਂ ਦੀ ਤੁਲਨਾ ਕਰਨ ਲਗਾ ਸ਼ਰਾਬ ਨੇ ਉਸ ਤੇ ਆਪਣਾ ਰੰਗ ਬੰਨਣਾ ਸ਼ੁਰੂ ਕਰ ਦਿਤਾ ... "ਮੈਂ ਸੁਣਿਐ ਇੰਗਲੈਂਡ ਦੇ ਡਾਕਟਰ ਬੜੇ ਮਾਹਿਰ ਆ ... ਹਾਂ ਇਥੇ ਹਰ ਬੰਦਾ ਹੁਸ਼ਿਆਰ ਐ। ਹਿੰਦੋਸਤਾਨ 'ਚ ਡਾਕਟਰ ਪੂਰੀ ਵਾਹ ਲਾ ਚੁਕੇ ਆ ...ਐਵੇਂ ਸਰੀਰ ਈ ਜਰਾ...ਕੁ, ਜਰਾ ਕੁ ਤਗੜਾ ਦਿਸਦਾ ਆ ਵਿੱਚ ਕੁਛ ਨੀ।" ਇਕ ਦੋ ਜਣੇ ਆਪਣਾ ਹਾਸਾ ਬੜੀ ਮੁਸ਼ਕਲ ਨਾਲ ਰੋਕ ਸਕੇ।

"ਅੱਛਾ ਲਾਲਾ ਜੀ ! ਭੁੱਖ ਤੁਹਾਨੂੰ ਲੱਗ ਤਾਂ ਸਕਦੀ ਏ...ਪਰ ...ਪਰ ਤੁਹਾਡੇ ਕੋਲੋਂ ਕੀਮੱਤ ਨਹੀਂ ਚੁਕਾਈ ਜਾਣੀ।" ਡਾਕਟਰ ਦੇ ਖੱਚਰੇਪਨ ਨੂੰ ਭਾਂਪਦਿਆਂ ਮੈਂ ਸਾਹ ਰੋਕੀ ... ਸਾਰਾ ਕੁਝ ਦੇਖਣ ਤੇ ਸੁਣਨ ਦੀ ਕੋਸ਼ਿਸ਼ ਕਰ ਰਿਹਾ ਸਾਂ।

ਹੁਣ ਲਾਲਾ ਪੂਰੇ ਜੋਸ਼ 'ਚ ਬੋਲਣ ਲੱਗਾ..."ਹੈਂ ? ਤੂੰ ਕੋਈ ਆਪਾਂ ਨੂੰ ਨੱਥੂ ਖੈਰਾ ਸਮਝਿਐ...ਮੈਂ ਕਹਿੰਦੇ ਕਹਾਉਂਦੇ ਧਨੀਆਂ ਚੋਂ ਇਕ ਹਾਂ। ... ਬੋਲ ... ਡਾਕਟਰ ਬੋਲ...ਤੂੰ ਮੈਨੂੰ ਭੁੱਖ ਲਾਉਣ ਦਾ ਕੀ ਲਵੇਂਗਾ...ਦਸ...ਵੀਹ ਹਜਾਰ...।" ਕਹਿੰਦਿਆਂ ਉਸ ਆਪਣੀ ਜੇਬ 'ਚੋਂ ਚੈਕ-ਬੁੱਕ ਕੱਢੀ, ਨਾਲ ਹੀ ਇਕ ਫੋਟੋ ਥੱਲੇ ਡਿੱਗ ਪਈ। ਮੈਂ ਝੁਕ ਕੇ ਫੋਟੋ ਚੁੱਕੀ... ਜਿਸ 'ਚ ਇੱਕ ਨੌ-ਜੁਆਨ ਜੋੜਾ ਮੁਸਕਰਾ ਰਿਹਾ ਸੀ ਤੇ ਉਹ ਨੌ-ਜੁਆਨ ਕਸ਼ਮੀਰ ਸੀ। ਮੇਰੀ ਉਲਝਨ ਵੱਧ ਗਈ।

ਓਧਰ ਡਾਕਟਰ ਕਿਸੇ ਡਾਕਟਰ ਦੀ ਬਜਾਏ ਇੱਕ ਬਜੁਰਗ ਵਾਂਗ ਨਸੀਹਤ ਕਰ ਰਿਹਾ ਸੀ..."ਚੈਕ-ਬੁਕ ਤੁਹਾਡੀ ਬਿਮਾਰੀ ਦਾ ਇਲਾਜ ਨਹੀਂ। ਆਪਣੇ ਨਿਜੀ ਕੰਮ ਖੁਦ ਕਰੋ, ਦਿਨ 'ਚ ਕੋਈ ਪੰਜ-ਛੇ ਘੰਟੇ ਕੋਈ ਸਰੀਰਕ ਮੇਹਨਤ ਕਰੋ, ਨਸ਼ਿਆਂ ਤੋਂ ਪਰਹੇਜ... ਡਾਕਟਰ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ। ਲਾਲਾ ਚੀਕਿਆ......"ਨਹੀਂ... ਹੈ ? ਇਹ ਕੀ ? ਮੈਂ ਕੰਮ ਕਰਾਂ ? ਡਾਕਟਰ ਤੁਸੀਂ...ਤੁਸੀਂ...ਮੇਰੀ ਬੇਇਜਤੀ ਕੀਤੀ ਐ।"

ਓਧਰ ਮੈਂ ਥਥਲਾਉਂਦਾ ਹੋਇਆ ... ਬੇਕਾਬੂ ਹੋਕੇ ਪੁਛਣ ਲਗਾ ..."ਇਹ...ਇਹ ਫੋਟੋ ...।" ਉਸਦੀ ਘਬਰਾਹਟ 'ਚ ਕੁਝ ਕਮੀ ਆਈ ਤੇ ਲਫਜਾਂ 'ਚ ਰਵਾਨਗੀ ਦੀ ਲਚਕ ਸੀ..."ਇਹ ਮੇਰੀ ਇਕਲੌਤੀ ਬੇਟੀ ਤੇ ਹੋਣ ਵਾਲਾ ਘਰ ਜੁਆਈ ਤੇਰਾ ਕਸ਼ਮੀਰ... ਬੜਾ ਬੀਬਾ ਮੁੰਡਾ ਆ ਜ਼ਦ ਦਾ ਮੇਰੇ ਕੰਮਾਂ 'ਚ ਹੱਥ ਵਟਾਉਣ ਲੱਗੈ...ਵਾਰੇ ਨਿਆਰੇ ਹੋ ਗਏ ਆ।" ਸਾਰਾ ਆਲਾ ਦੁਆਲਾ ਭਾਉਂਦਾ ਜਾਪਿਆ ਤੇ ਉਸ ਫੋਟੂ 'ਚੋਂ ਮੈਨੂੰ ਕਸ਼ਮੀਰ ਦਾ ਚਿਹਰਾ ਉਭਰਦਾ ਲੱਗਿਆ। ਮੇਰੀ ਸੋਚ ਨੂੰ ... ਜ਼ਿਵੇਂ ਸਿਉਂਕ ਲਗ ਗਈ ਹੋਵੇ ਤੇ ਉਹ ਗਰੀਬ ਕੁੜੀ...ਜਿਸ ਨਾਲ ਕਸ਼ਮੀਰੇ ਦੀ ਮੁਹੱਬਤ ਸੀ, ਮੇਰੇ ਅੰਦਰ ਫਫਕ ਫਫਕ ਹੋ ਰਹੀ ਸੀ।


# REAL ESTATE

**BUYING, SELLING OR TRADING YOUR PROPERTY — ALWAYS REMEMBER YOUR REALTOR!**

## HARPAL TOOR

**Res. 524-9848**

**Off. 324-3888**

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ

ਜਾਂ ਨਕਦ ਵੇਚਣ ਲਈ

ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ।



REALTOR

T. J. LOVEROCK REALTY

5316 Victoria Dr., Van. B.C.

***PAUL'S PLUMBING & ELECTRICAL SUPPLY***

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES



ਖੁਸ਼ਖਬਰੀ ! ਤੁਹਾਡੀ ਜ਼ਰੂਰਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵੇਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ। ਸਾਡੇ ਕੋਲ ਆਵੋ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

**872 3118**

**English-Punjab-Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**

ਸੰਤੋਖ ਸਿੰਘ ਸੰਤੋਖ

## ਪੂਛ ਜਾਂ ਸਿੰਙ

ਉਹਨਾਂ ਨੂੰ ਕੀ ਪਤਾ !
ਕਿ ਮੇਰੇ ਪੂਛ ਹੈ ਜਾਂ ਨਹੀਂ
ਇਸ ਅਣਜਾਣੇ ਅੰਦਾਜ਼ੇ 'ਚੋਂ
ਉਹਨਾਂ ਦੇ ਬੇ-ਸੁਰ ਬਾਜੇ 'ਚੋਂ
ਜੋ ਸੁਰ ਨਿਕਲਦੀ ਹੈ
ਉਹ ਚੀਕ ਵਾਂਗ ਚੁਫੇਰੇ ਘੁੰਮਦੀ ਹੈ
**ਵਹਿਮ ਦੇ ਫੁਲਾਂ ਨੂੰ ਛੂੰਹਦੀ ਹੈ**
ਮੈਨੂੰ ਇਸ ਸਾਰੇ ਵਰਤਾਰੇ ਚੋਂ
ਮਿਤਰਾਂ ਦੇ ਇਸ ਕਾਰੇ ਚੋਂ
ਇਕ ਵਿਸ਼ਵਾਸ਼ ਬੱਝਦਾ ਹੈ
ਕਿ ਪੂਛ ਨਾਲ ਇਹ ਵਿਰੋਧ
ਮੇਰੇ ਸਿੰਙ ਦੀ ਦੋਸਤੀ ਵਿਚ ਪਰਤੇਗਾ !
ਸਿੰਙ ਜਿਸ ਤੇ ਮੈਨੂੰ ਮਾਣ ਹੈ
ਸਿੰਙ ਜਿਸ ਤੇ ਧਰਤੀ ਖੜੀ ਹੈ ।

## ਵਹਿਮ

ਮਿੱਤਰੋ ਤੇ ਮਹਿਰਬਾਨੋ !
ਫੁੱਲਾਂ ਦੇ ਕਦਰਦਾਨੋ !
ਮੌਸਮ ਜੇ ਸਾਜ਼ਸ਼ੀ ਹੈ
ਤਬਦੀਲੀ ਵੀ ਲਾਜ਼ਮੀ ਹੈ
ਪੱਤਝੜਾਂ ਨੂੰ ਵੀ ਪੇਂਦ ਦਿਤੀ ਜਾ ਸਕਦੀ ਹੈ !
ਬਹਾਰਾਂ ਨੂੰ ਜੇ ਸਾਡੀ ਪੱਤਝੜ ਰਾਸ ਆ ਸਕਦੀ ਹੈ ?
ਆਪਣੀ 'ਹੂੰ' ਨੂੰ ਜਗਾਓ
ਹੁੰਗਾਰੇ ਬੜੇ ਮਿਲਣਗੇ
ਆਪਣੇ ਹੀ ਸਾਏ
ਨਾ ਸਮਝੋ ਪਰਾਏ
ਇਸਦਾ ਕੋਈ ਉਪਾ ਨਹੀਂ
ਵਹਿਮ ਦੀ ਕੋਈ ਦਵਾ ਨਹੀਂ

ਜਸਬੀਰ ਬਾਠ,

## ਗ਼ਜ਼ਲ

ਗੱਲ ਭਾਵੇਂ ਕਿੰਨੀ ਅਜੀਬ ਹੈ ਯਾਰੋ ।
ਫਿਰ ਵੀ ਜ਼ਿੰਦਗੀ ਦੇ ਕਰੀਬ ਹੈ ਯਾਰੋ ।

ਬੱਦਲਾਂ ਨੂੰ ਫਿਰਦੇ ਓਡਦੇ ਗੜਿਆਂ ਦੀ ਮਾਰ ਤੋਂ,
ਵੇਖੋ ਲੋਕ ਕਿੰਨੇ ਗਰੀਬ ਹੈ ਯਾਰੋ !
ਗੀਤਾਂ ਦੀ ਮਕਤਲ ਕੋਲ ਦੀ ਲੰਘੇ ਸੀ ਕੰਨ ਵਲੇਟ ਕੇ,
ਮੰਨਦੇ ਜੋ ਆਪਣੇ ਆਪਨੂੰ ਅਜਕਲ੍ਹ ਅਦੀਬ ਹੈ ਯਾਰੋਂ !
ਡਰਦੇ ਜੋ ਟੈਲੀਫੂਨ ਦੇ ਖੰਭੇ ਦੀ ਗੂੰਜ ਤੋਂ,
ਗੱਡਦੇ ਨੇ ਗ਼ਜ਼ਲਾਂ ਵਿੱਚ ਕਿਉਂ ਥਾਂ ਥਾਂ ਸਲੀਬ ਹੈ ਯਾਰੋ ?
ਡਾਚੀ ਡਾਚੀ ਕਿਉਂ ਕੂਕਦੇ ਤਮਾਮ ਰਾਤ ਮਨ,
ਸੁਤੇ ਜਦ ਮੇਰੇ ਪੱਟ ਤੇ ਮਿਰਜਾ ਹਬੀਬ ਹੈ ਯਾਰੋ !
ਜਾਰੇ ਸੂਰਜ ਪੂਰਬੋਂ ਪੱਛਮ ਨੂੰ ਢੱਲਦੇ ਵੇਖਕੇ,
ਹੱਸੇ ਤਾੜੀ ਮਾਰਕੇ ਮੱਸਿਆ ਦੇ ਨਸੀਬ ਹੈ ਯਾਰੋ !
ਸਾਡਾ ਕੱਦ ਮੱਧਰਾ ਗਰਦਾਨਣ ਵਾਸਤੇ,
ਲੋਕੀ ਵੇਖੋ ਵਰਤਦੇ ਘਰਦੇ ਹੀ ਜਰੀਬ ਹੈ ਯਾਰੋ !

## ਘੜੀਐ ਸ਼ਬਦੁ ਸੱਚੀ ਟਕਸਾਲ

ਯੁੱਗਾਂ ਤੋਂ ਮੈਂ ਚਲਦਾ ਰਿਹਾ ਹਾਂ,
ਭਾਸ਼ਾ ਦੇ ਅਤਿ ਧੁੰਦਲੇ ਗਰਤ ਵਿਚ
ਤੇ ਅੱਜ ਜਦ ਮੈਂ ਜੰਮਿਆ ਹਾਂ
ਤਾਂ ਮੇਰੀ ਮਾਂ ਨੇ ਤੜਾਗੀ ਦੀ ਥਾਂ
ਮੇਰੇ ਲੱਕ ਨਾਲ ਵਲ ਦਿੱਤਾ ਹੈ
ਇਕ ਅਤਿ ਜ਼ਹਿਰੀਲਾ ਸੱਪ ।
ਇਹ ਸੱਪ ਮੇਰੀ ਭਾਸ਼ਾ ਦੇ ਹਰ ਸੁੱਚੇ ਸ਼ਬਦ ਨੂੰ ਡੰਗਦਾ ਹੈ,
ਤੇ ਹਰ ਰੋਜ਼ ਕਈ ਸ਼ਬਦ ਗਰਭੂ-ਭੋਗ ਵਿਚ ਡੰਗਦਾ ਹੈ ।
ਅੱਜ ਇਸ ਸੱਪ ਨੇ 'ਵਫ਼ਾ' ਦਾ ਸੁੱਚਾ ਸ਼ਬਦ ਡੰਗਿਆ ਹੈ
ਤੇ ਵਿਚਾਰੇ ਅਰਥ ਨੇ ਪਾਣੀ ਵੀ ਨਹੀਂ ਮੰਗਿਆ ਹੈ ।
ਮੇਰੇ ਪੁੱਛਣ ਤੇ ਸੱਪ ਆਖਦਾ ਹੈ —

"ਹੀਰ ਦੀ ਗੱਲ ਹੋਰ ਸੀ,
ਸ਼ਾਹਾਂ ਦੀ ਮੱਠੀ ਤੋਰ ਸੀ ।
ਖੇੜੇ ਦੀ ਗੱਲ ਹੋਰ ਹੈ,
ਦਮਾਂ ਦੀ ਚੜ੍ਹਦੀ ਤੋਰ ਹੈ ।

ਤੇ ਨਾਲੇ ਕੋਈ ਕੀ ਹੋ ਰਿਹਾ ਸੀ —
ਕਿ ਉਸਨੇ ਹੁਣੇ ਹੀ ਇਕ ਮਹਿਬੂਬ ਛੱਡੀ ਹੈ,
ਰੱਤ ਪੀਣ ਹੋ ਗਈ ਸੀ ਕਣਕਾਂ ਦੇ ਬੋਹਲ ਛੱਟ ਕੇ,
ਘੱਟ ਗਈ ਸੀ ਉਸਦੇ ਅੰਗਾਂ ਦੀ ਗੁਲਾਈ
ਉਮਰਾਂ ਦੇ ਫਾਕੇ ਕੱਟ ਕੇ ।
ਤੇ ਮਿਰਚੀਦਾਰ ਖੁਲ੍ਹ ਕੋਈ ਅਸਮੀਟ ਕਿੰਨਾ ਕੁ ਚਿਰ ਜ਼ਰ ਸਕਦਾ ਹੈ ?"
ਮੈਂ ਚੁੱਪ ਹੋ ਜਾਂਦਾ ਹਾਂ
ਮੇਰੀ ਹਰ ਆਂਦਰ ਸੱਪ ਬਣ ਜਾਂਦੀ ਹੈ
ਸੱਪ ਦੀ ਗੱਲ ਪੱਕ ਹੈ ।
ਧਰਤ ਦੀ ਇਕ ਸੱਚ ਹੈ ।
ਪਰ ਫਿਰ ਜੇ ਕੋਈ ਅਣਖ ਕੜੀ ਕਰਦੀ ਹੈ
ਆਪਣੇ ਸ਼ਰਣ ਦੀ 'ਬੇਵਫ਼ਾਈ' ਦਾ ਗਿਲਾ
ਤਾਂ ਮੈਂ ਉਸਦੇ ਅਣਦਾਰ ਵਾਲ —
ਇਕ ਅਤਿ ਜ਼ਹਿਰੀਲੇ ਸੱਪ ਨਾਲ ਗੰਢ ਦਿੰਦਾ ਹਾਂ ।

## ਸਮੋਕਿੰਗ ਕਾਰ

ਬੂਹੇ ਖੁਲ੍ਹ ਖੁਲ੍ਹ ਬੰਦ ਹੋ ਜਾਂਦੇ
ਲੱਖਾਂ ਲੱਥਦੇ, ਲੱਖਾਂ ਬਹਿੰਦੇ
ਮੈਂ ਹਰ ਸਵੇਰ ਨੂੰ ਆਪਣੀ ਉਂਗਲੀ ਫੜਕੇ
ਗੱਡੀ ਵਿਚ ਆ ਬਹਿੰਦਾ ਹਾਂ
ਏਨੀ ਰੋਸ਼ਨੀ ਹੁੰਦੀ ਏ
ਪਈ ਆਪਣਾ ਆਪ ਵੀ ਨ੍ਹੇਰੇ ਦਾ ਇਕ ਗੋਲਾ ਜਿਹਾ ਲਗਦਾ ਏ
ਜਿਹੜਾ ਨਫਰਤ ਤੇ ਫਰਸਟਰੇਸ਼ਨ ਨਾਲ ਭਰੀ ਹੋਈ
ਏਸ ਗੱਡੀ ਅੰਦਰ ਰੁੜਦਾ ਫਿਰਦਾ
ਫਰਸ਼ ਤੇ ਨਫਰਤ, ਕੰਧਾਂ ਤੇ ਨਫਰਤ
ਬੂਟਾਂ ਦੀਆਂ ਅੱਡੀਆਂ ਵਿਚ ਨਫਰਤ
ਸਿਗਰਟ ਦੀਆਂ ਡੱਬੀਆਂ ਵਿਚ ਨਫਰਤ
ਇਹ ਗੱਡੀ ਆਖਰ ਕਿਸ ਸਟੇਸ਼ਨ ਰੁਕਨਾ ਚਾਹੁੰਦੀ ਏ ?
ਪਿੰਡਿਆਂ ਤੇ ਮਲ ਖੁਸ਼ਬੋਆਂ
ਮੋਢੇ ਨਾਲ ਮੋਢਾ ਜੋੜੀ ਇਹ ਖਲਕਤ ਕਿਥੇ ਜਾਂਦੀ ਏ ?
ਮੇਰੇ ਨਾਲ ਤਾਂ ਇਹਨਾਂ ਦਾ ਕੋਈ ਵੀ ਰਿਸ਼ਤਾ ਨਹੀਂ
ਇਹ ਖੁਸ਼ਬੋਆਂ ਤੇ ਮੁਸ਼ਕਾਰੇ ਕਿਸ ਲਈ ?
ਸੜਕਾਂ ਤੇ ਵਣਜਾਰੇ ਕਿਸ ਲਈ ?
ਟੇਸ਼ਨ ਆਇਆ......
ਟਿਕਟ ਵਿਖਾਓ, ਬੇ-ਸ਼ਰਮੋ, ਬੇ-ਵਤਨੋਂ, ਬਦ-ਸ਼ਕਲੋ,
ਬਦ-ਸੁਖਲੋ . ...
ਦਿਨ ਚਿੰਤਾ ਵਿਚ ਮੁਕ ਜਾਂਦਾ ਏ
ਸ਼ਾਮ ਦਿਲਾਂ ਵਿਚ ਹਨੇਰਾ ਕਰਕੇ ਲੁਕ ਜਾਂਦੀ ਹੈ।
ਵਾਪਸੀ ਆਲੇ ਰਸਤਿਆਂ ਉਤੇ ਰੂਹਾਂ ਦੀ
ਠੰਢੀ ਬਰਫ ਤੇ ਗਿਲਾਜ਼ਤ ਨਾਲ ਭਰੇ ਕਾਲੇ ਥੈਲੇ
ਸਾਡੇ ਉਤੇ ਹੱਸਦੇ ਹੈਨ !
ਤੇ ਅਸੀਂ ਆਪਣ ਮਣ ਮਣ ਦੇ ਪੈਰ ਚਲਾਂਦੇ
ਫੇਰ ਗੱਡੀ ਵਿਚ ਆ ਬਹਿੰਦੇ ਹਾਂ !!!

## 'ਇਲੂਯਨ'

ਜੋ ਹੋਣਾ ਏ ਅਜ ਹੋ ਜਾਵੇ
ਕੱਲ ਦੀ ਕਿਸੇ ਨੂੰ ਆਈ !
ਆਵਨ ਵਾਲੇ ਦਿਨ ਦਾ
ਏਸ ਦਿਲ ਨੂੰ ਇਤਬਾਰ ਜੇ ਹੁੰਦਾ
ਅਜ ਪਰਦੇਸ ਦੀ ਗਲੀਆਂ ਦਾ ਅਸੀਂ ਕੂੜਾ ਹੁੰਦੇ !
ਜੇ ਧੁੱਪਾਂ ਦੀ ਛਾਵੇਂ ਬਹਿੰਦੇ
ਅਜ ਬੱਦਲ ਦੀਆ 'ਤਰਾਵਾਂ' ਕਾਹਨੂੰ ਪੁਠੀਆਂ ਪੈਂਦੀਆਂ
ਹੁਣ 'ਕਿਨ੍ਹਾਂ' ਦੇ 'ਆਬੂ' ਚੱਬ ਚੱਬ ਦੰਦ ਕਿਰ ਜਾਣੇ
ਤੂੰ ਸਾਨੂੰ ਨਿੱਤ ਚੇਤੇ ਕਰ ਅਸੀਂ ਭੁਲਾਂਦੇ ਜਾਣਾ
ਨਾ ਹੀ ਸੁੱਖ ਸੁਨੇਹਾ ਘੱਲਣਾ
ਨਾ ਹੀ ਪਰਤ ਕੇ ਆਣਾ
ਜੇ ਹੋਣਾ ਏ ਅਜ ਹੋ ਜਾਵੇ
ਕੱਲ ਤਾਂ ਇਕ ਪ੍ਰਛਾਵਾਂ !!

## 'ਹਿਪੋਕਰੇਸੀ'

ਏਥੇ ਜਾਨਵਰ ਬੰਦਿਆਂ ਕੋਲੋਂ ਡਰਾਹੰਦੇ ਨੇ
ਪਰ ਬੰਦੇ ਬੰਦਿਆਂ ਨੂੰ ਦੇਖ ਕੇ ਅਖਾਂ ਓਹਲੇ ਹੋ ਜਾਂਦੇ ਨੇ
ਉਹਲਾ ਨਵਾਂ 'ਫਨੂੰਨ' ਹੈ
ਉਹਲਾ ਕਾਤਲ ਹੱਥਾਂ ਦੇ ਦਸਤਾਨੇ
ਉਹਲਾ ਤਨਖਾਹ ਦਾ ਪੈਕਟ
ਜੰਗਲੇ ਪਾਰ ਖਲੋਤੇ ਖੂਨੀ ਜਨੌਰ ਦੇ ਸੂਹੇ ਡੇਲੇ ਅੰਦਰ ਜਿਹੜੀ ਜ਼ਹਿਰ ਹੈ
ਆਦਮ-ਜ਼ਾਤ ਦੇ ਦੰਦਾਂ ਹੇਠਾਂ
ਮੱਕਰ ਹਾਸੇ ਦੀ ਧਾਰ ਤੋਂ ਜਿਆਦਾ ਤਿੱਖੀ ਨਹੀਂ
ਕੌਣ ਹੁਣ ਏਸੇ ਹਾਸੇ ਦੀ ਠੰਢੀ ਭੁੱਬਲ ਉਤੇ ਹੱਥ ਸੇਕੇਗਾ
ਤੇ ਆਪਣੇ ਕੱਲੇ ਮਨ ਦੇ ਸੁੱਤੇ ਪੈਰਾਂ ਉਤੇ ਉਂਗਲਾਂ ਮਲਸੀ !
ਨੀਂਦਰ ਜ਼ਹਿਨੀ ਦਿਮਾਗ ਦੀ ਖਲੜੀ ਅੰਦਰ ਵੜ ਗਈ ਹੈ
ਸੁਫਨ ਪੈਰਾਂ ਰਾਹੀਂ ਅਖੀਆਂ ਤਕ ਅਪੜਦੇ ਨੇ
ਸਿਰ ਦੇ ਭਾਰ ਅਸਮਾਨ ਖਲੋਤਾ, ਸੀਨੇ ਭਾਰ ਜ਼ਮੀਨ
ਗੁੱਝੀ ਅਜ ਹਿਯਾਤੀ ਵਾਲੀ ਕਿਸੇ ਨੂੰ ਸਮਝ ਨਾ ਆਣੀ
ਐਵੇਂ ਖ਼ਾਕ 'ਚ ਮਿਲਦੀ ਰਹਿਣੀ ਏ ਉਮਰ ਨਿਮਾਣੀ
ਮੈਂ ਨਹੀਂ ਹੋਣਾ, ਮੇਰੇ ਵਰਗੇ ਹੋਰ ਜੰਮ ਪੈਣੇ
ਧਰਤੀ ਉਤੇ ਇਨਸਾਫ ਦੀ ਫਸਲ ਦਾ ਸੁਫਨਾਂ
ਅਜੇ ਸਾਡੇ ਸਾਹਾਂ ਵਿਚ ਹੈ !

## ਰਾਤੀਂ ਰਾਤ ਨਾ ਆਈ

ਰਾਤੀਂ ਰਾਤ ਨਾ ਆਈ
ਜਿਸਮਾਂ ਉਹਲੇ ਲੁਕਦੀ ਲੁਕਦੀ, ਅੱਖੀਆਂ ਤਕ ਨਾ ਅਪੜੀ
ਸਾਹਵਾਂ ਅੰਦਰ ਵਗਦੀਆਂ ਹਿੱਜਰ ਹਵਾਈਆਂ ਸਨ
ਸੁਫਨੇ ਦੇ ਵਿਚਕਾਰ ਗੁਆਚੀ ਯਾਦ ਬੁਲਾਰਾ ਲਾਇਆ ਸੀ
ਫੁੱਲਾਂ ਹਾਰ ਪ੍ਰੋਂਦਿਆਂ ਉਂਗਲਾਂ ਕੀ ਕੀ ਕਾਰ ਕਮਾਏ
ਲੋਹੇ ਅੰਦਰ ਖੁਭ ਖੁਭ ਜਾਂਦੀ ਮੁਸ਼ਕਿਲ ਸ਼ਊਰੀ
ਮਾਪੇ ਚੇਤੇ ਆਵਨ ਤੇ ਘੁੱਟ ਦਾਰੂ ਪੀ ਕੇ
ਸੁਰਤ ਦੁਆਲੇ ਕੰਡੇ ਗੱਡ ਖਲੋਈਏ ਜੀ
ਨਾ ਹੱਸੀਏ ਨਾ ਰੋਈਏ ਜੀ
ਨਾ ਮਰੀਏ ਨਾ ਜਾਈਏ ਜੀ
ਯਾਦਾਂ ਕੱਠੀਆਂ ਕਰਕੇ ਹੇਠ ਸਰਾਹਣੇ ਰਖੀਏ
ਸੁਫਨੇ ਅੰਦਰ ਤੱਕੀਏ !
ਵਹਿਮ ਦੀ ਬੁੱਕਲ ਮਾਰੀ, ਵਿਚ ਮਜ਼ਾਰੀਂ ਫਿਰੀਏ
ਜੇ ਕੋਈ ਪੁੱਛੇ ਕੀ ਕਰਨਾ ਏਂ ? ਤਾੜੀ ਮਾਰ ਕੇ ਹੱਸੀਏ
ਕੁਝ ਪੁਛੀਏ ਨਾ ਦੱਸੀਏ
ਮੈਨੂੰ ਵਾਪਸ ਪਰਤਣ ਵਾਲੇ ਰਸਤੇ ਪਾ ਕੇ
ਖੌਰੇ ਕਦ ਅੱਖੀਆਂ ਨੂੰ ਨੀਂਦਰ ਪੌਸੀ ?!!

# ਸਿੱਦਕੀ ਵੀਰੋ !

ਗੁਰਬਖਸ਼ ਦੋਸਾਂਝ

ਸਿਦਕੀ ਵੀਰੋ !
ਮੁਆਫ਼ ਕਰਨਾ
ਇਨਕਲਾਬ ਦੇ ਇਸ ਘੋਲ 'ਚ
ਭਾਵੇਂ ਪੱਛੜ ਕੇ ਹਾਂ ਪਹੁੰਚ ਸਕੀ।
ਤਨੋ ਮਨੋ
ਸੋਚ ਮੇਰੀ ਦੇਵੇ ਹੁੰਗਾਰਾ
ਦਰਦ ਦੇ ਕੱਫਣ
ਪਾੜਨ ਤੱਕ ਹੈ ਜਾ ਪਹੁੰਚੀ।
ਜ਼ਿੰਦਗੀ ਦੀਆਂ ਜਿਲਣਾਂ ਦਾ
ਮੂੰਹ ਕਾਲਾ ਕਰਨ ਲਈ,
ਹੁੰਦੇ ਨਿਹੱਥਿਆਂ ਤੇ ਵਾਰਾਂ ਦੀ
ਸ਼ਰੇ - ਆਮ ਗੱਲ ਕਰਨ ਲਈ,
ਕਲਮ ਹੈ ਇਸ਼ਾਰਾ ਕਰ ਗਈ।
ਚਮਨਾਂ ਨੂੰ ਮਹਿਕਾਣ ਲਈ-
ਲੋਆਂ ਨੂੰ ਬਿੱਲੇ ਲਾਣ ਲਈ-
ਧਾੜਵੀਆਂ ਲੋਟੂਆਂ ਦਾ
ਖੁਰਾ ਖੋਜ ਮਿਟਾਣ ਲਈ
ਅਵਾਜ਼ ਜ਼ੋਰ ਫੜ ਗਈ।
ਵੱਡਿਆਂ ਦੀ ਵਡਿਤਣ ਦਾ,
ਨਜ਼ਾਰਾ ਅਸਾਂ ਵੇਖਿਆ
ਸਮਝੌਤਾ ਕਰਾਉਣ ਵਾਲੇ ਵਿਚੋਲਿਆਂ ਦਾ
ਕਾਰਾ ਅਸਾਂ ਵੇਖਿਆ
ਹੀਜ ਪਿਆਜ਼ ਖੋਹਲਣ ਤੱਕ
ਜੀਭ ਇਕਰਾਰ ਕਰ ਗਈ।
ਵੀਤਨਾਮੀ ਮੁਟਿਆਰ ਕਿਵੇਂ
ਬੁੱਚੜਾਂ ਬੇ-ਇੱਜਤ ਕੀਤੀ
ਉਸ ਦੇ ਹੁਸਨ ਨੂੰ ਮਧੋਲ
ਜ਼ਾਲਮ ਕਾਰਾ ਕਰ ਗਿਆ
ਇਸ ਕਾਰੇ ਦੀ......
ਹਾ ਹਾ ਕਾਰ ਮੱਚ ਚੁੱਕੀ।
ਅਮਰੀਕੀ ਸਾਮਰਾਜ ਬਦ-ਮਸਤ ਹਾਥੀਆਂ-
ਤੇਰੇ ਪੈਰਾਂ 'ਚ ਸੰਗਲ ਪ ਉਣ ਲਈ
ਤੇਰੀ ਖਰ-ਮਸਤੀਆਂ- ਤਸ਼ੱਦਦਾਂ ਨੂੰ
ਬਿੱਲੇ ਲਾਉਣ ਲਈ.....
ਅਣਖ ਸੰਗਰਾਮ ਕਰ ਗਈ।
ਮਜ਼ਦੂਰੀ ਮਹਿਬੂਬਾ ਦੀ-
ਸੱਖਣੀ ਝੋਲ ਭਰਨ ਲਈ-
ਇਸ ਨਾਲ ਹੋਈ ਬੇ-ਇਨਸਾਫ਼ੀ ਦਾ
ਫੈਸਲਾ ਕਰਨ ਲਈ-
ਅੱਜ ਸੋਚ ਮੇਰੀ ਸਭ ਨੂੰ ਵੰਗਾਰਦੀ।
ਸੁਣ ਵੀਰ ਹਿੰਦੋਸਤਾਨੀਆ !
ਸੰਗਰਾਮ ਦੀ ਰਫ਼ਤਾਰ ਨੂੰ
ਤੇਜ਼ ਕਰਨ ਦਾ ਵੇਲਾ ਹੈ,
ਦੱਬੇ-ਕੁਚਲੇ ਲੋਕਾਂ ਨੂੰ
ਸੁਚੇਤ ਕਰਾਉਣ ਦਾ ਵੇਲਾ ਹੈ
ਦੋਸਾਂਝ ਵੀ ਇਸ ਘੋਲ 'ਚ
ਕਲਮ ਤੇਜ਼ ਕਰ ਗਈ।

# ਇਸ਼ਤਿਹਾਰ

ਗੁਰਨਾਮ ਗਿੱਲ

ਦੇਖੋ! ਸਮੇਂ ਦੇ ਅਖ਼ਬਾਰ ਵਿਚ
ਕਾਲਮ ਮਸ਼ੀਨੀ ਜ਼ਿੰਦਗੀ ਦਾ
ਇਹ ਕਿਸਨੇ ਦਿੱਤਾ ਹੈ ਇਸ਼ਤਿਹਾਰ
ਕਿ ਲੋੜ ਹੈ — ਇਕ ਇਨਸਾਨ ਦੀ
ਜੋ ਠਰੀ ਤੇ ਠੇਡੀ ਜ਼ਿੰਦਗੀ ਨੂੰ
ਨਿੱਘੀ ਗਲਵੱਕੜੀ 'ਚ ਲੈ ਸਕੇ
ਤੇ ਮਾਂ - ਬਾਪ, ਭੈਣ - ਭਾਈ,
ਔਲਾਦ, ਪਤਨੀ ਤੇ ਮਹਿਬੂਬ ਬਣ
ਕਰ ਸਕੇ ਤ੍ਰਿਪਤ ਉਹਦੀ ਪਿਆਰ ਭੁੱਖ ਨੂੰ।

ਇਸ, ਤੋਂ ਪਹਿਲਾਂ — ਕਿ ਆਦਮੀ
ਘਰ ਛੱਡ, ਕੈਦਾਂ 'ਚ ਜਾ ਲੁਕੇ
ਜਾਂ ਕੰਕਰੀਟ ਦੇ ਜੰਗਲਾਂ 'ਚੋਂ ਨੱਸ ਕੇ
ਸਰਸਬਜ਼ ਪਹਾੜਾਂ 'ਚ ਭੇਡਾਂ ਚਾਰਦੇ-
ਆਜੜੀ ਦੀ ਜੂਨ ਲਈ ਤਰਸ ਜਾਏ
ਲੋੜ ਹੈ — ਇਕ ਇਨਸਾਨ ਦੀ
ਜਿਹੜਾ ਉਹਦੇ ਘਰ 'ਚ
ਘਰ ਵਰਗੇ ਨਿੱਘੇ ਅਹਿਸਾਸ ਦਾ
ਤੇ ਕੰਕਰੀਟ ਦੇ ਇਸ ਜੰਗਲ 'ਚ
ਸਰਸਬਜ਼ ਪਹਾੜਾਂ ਦੀ ਹੋਂਦ ਨੂੰ ਭਰ ਸਕੇ।

ਲੋੜ ਹੈ — ਉਸ ਇਨਸਾਨ ਦੀ
ਜੋ ਖੁਰ ਰਹੇ ਇਨਸਾਨ ਨੂੰ ਬਚਾ ਲਵੇ
ਤੇ ਉਹਦੀ ਬੇਬਸੀ ਦੀ ਡੁਸਕਣ ਨੂੰ
ਆਪਣੀ ਹਿੱਕ 'ਚ ਲੁਕਾ ਲਵੇ;
ਜੋ ਉਸਦੇ ਮਨ ਤੋਂ, ਮਣਾਂ ਮੂੰਹੀਂ ਬੋਝ
ਥੁੜਾਂ ਤੇ ਮਾਯੂਸੀਆਂ ਦਾ ਹਟਾ ਸਕੇ
ਤੇ ਭੀੜ 'ਚ ਘਿਰੇ ਹੋਣ ਬਾਵਜੂਦ ਵੀ
ਇਕੱਲਤਾ ਦੇ ਅਹਿਸਾਸ 'ਚ ਰੋਂਦੀ ਜਿੰਦ ਨੂੰ
ਜੱਫੀ 'ਚ ਲੈ ਵਰਚਾ ਸਕੇ।

ਲੋੜ ਹੈ — ਉਸ ਇਨਸਾਨ ਦੀ
ਜੋ ਸੈਕੋਲੋਜੀ ਟੈਸਟ ਵਾਂਗ
ਮਸੂਮ ਹੰਝੂਆਂ ਦੀ ਪਰਖ ਕਰ ਸਕੇ
ਤੇ ਮਸੀਹੇ ਦਾ ਰੂਪ ਧਾਰ
ਕਰੇ ਦਵਾ ਉਸ ਲਈ;
ਹਮਦਰਦੀ 'ਚ ਫੈਹੇ ਭਿਉਂ ਕੇ
ਵਿਚੋ ਵਿਚ ਸਿੰਮ ਰਹੇ ਮਨੁੱਖ ਦੇ
ਅੰਦਰਲੇ ਜ਼ਖਮਾਂ 'ਤੇ ਧਰ ਸਕੇ।

# GOYAL IMPORT & EXPORT


## ਇਲੈਕਟਰੋਨਿਕਸ ਦਾ ਸਮਾਨ ਖ਼੍ਰੀਦਣ ਲਈ ਤੁਹਾਨੂੰ ਹਾਂਗਕਾਂਗ ਵਿੱਚ ਠਹਿਰਣ ਦੀ ਲੋੜ ਨਹੀਂ ਸਾਡੇ ਸ਼ੋ ਰੂਮ ਚ ਦਰਸ਼ਨ ਦਿਓ

**110V** ਅਸੀਂ ਸਾਰਾ ਸਮਾਨ ਬਹੁਤ ਹੀ ਸਸਤੇ ਭਾਅ ਵੇਚਦੇ ਹਾਂ! **220V**



Rajinder Goyal

ALSO
* SONY, J.V.C., SANYO RADIO & CASETTE RECORDER
* NATIONAL PANASONIC CASETTE RECORDER
* PANASONIC CALCULATOR



220V
SPECIAL
SWISS & JAPANESE WATCHES
AT SURPRISING LOW PRICES
TIME PIECES
* 110/220V
DRYERS

**QUASSAR**
Quartz Loud Alarm WATCH
REG. $60.00
SALE $44.00



SONY 4 BAND STEREO CASSETTE RECORDER

## PH: 873-8308 or 873-8309

### 4156 FRASER ST., VANCOUVER, B.C. V5V 4E8


---

# ਭਾਰਤ ਵਿਚ ਜਾਇਦਾਦ ਦੇ ਮਾਲਕਾਂ ਦੇ ਧਿਆਨ ਯੋਗ

ਭਾਰਤ ਸਰਕਾਰ ਨੇ ਪਹਿਲੀ ਜਨਵਰੀ 1974 ਤੋਂ FOREIGN EXCHANGE REGULATION ACT, 1973 (ਵਿਦੇਸ਼ੀ ਮੁਦ੍ਰਾ ਵਿਨਿਯਮਨ ਅਧਿਨਿਯਮ) ਲਾਗੂ ਕੀਤਾ ਸੀ ਜਿਸ ਅਧੀਨ ਸਾਰੇ ਵਿਦੇਸ਼ੀ ਨਾਗਰਿਕਾਂ ਨੂੰ ਜਿਨ੍ਹਾਂ ਦੇ ਕਬਜ਼ੇ ਵਿਚ ਕੋਈ ਗੈਰਮਨਕੂਲਾ ਜਾਇਦਾਦ ਸੀ 31 ਮਈ 1974 ਤੋਂ ਪਹਿਲਾਂ ਉਸ ਦਾ ਵੇਰਵਾ ਭਾਰਤੀ ਰਿਜ਼ਰਵ ਬੈਂਕ ਨੂੰ ਭੇਜਣਾ ਸੀ ਅਤੇ ਪਹਿਲੀ ਜਨਵਰੀ 1974 ਤੋਂ ਬਾਅਦ ਕਿਸੇ ਜਾਇਦਾਦ ਦੇ ਬੈਅ, ਹਿਬਾ, ਰੈਹਨ, ਵਸੀਅਤ ਆਦਿ ਰਾਹੀਂ ਲੈਣ ਅਤੇ ਦੇਣ ਲਈ ਭਾਰਤੀ ਰਿਜ਼ਰਵ ਬੈਂਕ ਦੀ ਅਗੇਤਰੀ ਇਜਾਜ਼ਤ ਲੋੜੀਂਦੀ ਹੈ। ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਤੇ ਜਾਇਦਾਦ ਦੇ ਮੁੱਲ ਦਾ ਪੰਜ ਗੁਣਾ ਤੱਕ ਜੁਰਮਾਨਾ ਹੋ ਸਕਦਾ ਹੈ ਅਤੇ ਅਦਾਲਤੀ ਮੁਕੱਦਮੇ ਰਾਹੀਂ ਛੇ ਮਹੀਨੇ ਤੋਂ ਸੱਤ ਸਾਲ ਤੱਕ ਸਜ਼ਾ ਹੋ ਸਕਦੀ ਹੈ।

ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕਾਂ ਦੀਆਂ ਮੁਸ਼ਕਲਾਂ ਨੂੰ ਮਹਿਸੂਸ ਕਰਦੇ ਹੋਏ ਭਾਰਤ ਸਰਕਾਰ ਨੇ ਹੁਣੇ ਜਿਹੇ ਕਾਫੀ ਸਹੂਲਤਾਂ ਦਿੱਤੀਆਂ ਹਨ ਤਾਂ ਕਿ ਜੋ ਲੋਗ ਕਾਨੂੰਨ ਨੂੰ ਨਾ ਜਾਣਦੇ ਹੋਏ ਕਾਨੂੰਨ ਦੀ ਉਲੰਘਣਾ ਕਰ ਚੁੱਕੇ ਹਨ ਉਨ੍ਹਾਂ ਨੂੰ ਆਪਣੀ ਭੁੱਲ ਸੁਧਾਰਨ ਦਾ ਇਕ ਮੌਕਾ ਹੋਰ ਦਿੱਤਾ ਜਾਵੇ। ਜੇਕਰ ਅਜਿਹੇ ਨਾਗਰਿਕਾਂ ਦੇ ਕਬਜ਼ੇ ਵਿਚ ਜੋ ਕੋਈ ਅਜੇਹੀ ਜਾਇਦਾਦ ਜਨਵਰੀ 1974 ਤੋਂ ਪਹਿਲਾਂ ਸੀ ਤਾਂ ਉਸ ਦਾ ਵੇਰਵਾ ਹਰ ਹਾਲਤ ਵਿਚ ਜੂਨ 30, 1980 ਤਕ ਭਾਰਤੀ ਰਿਜ਼ਰਵ ਬੈਂਕ ਨੂੰ ਪੁੱਜਣਾ ਚਾਹੀਦਾ ਹੈ।

ਅਜੇਹੇ ਸਾਰੇ ਮਾਮਲਿਆਂ ਤੇ ਕਾਨੂੰਨੀ ਸਲਾਹ ਲਈ ਇਕ ਸੀਨੀਅਰ ਤਜਰਬੇਕਾਰ ਰਿਟਾਇਰਡ ਅਫਸਰ ਦੀਆਂ ਸੇਵਾਵਾਂ ਲਵੋ। ਆਪਣੇ ਭਾਰਤੀ ਮੁਖਤਾਰ ਨੂੰ ਕਿਹੋ ਕਿ ਮੈਨੂੰ ਮਿਲੇ ਤਾਂ ਕਿ ਠੀਕ ਤਰ੍ਹਾਂ ਦਰਖਾਸਤਾਂ ਤਿਆਰ ਕਰਾਈਆਂ ਜਾ ਸਕਣ।


A. S. BERAR I.R.S (RTD.)
ALANKAR AKALSAR ROAD
MOGA. 142001 INDIA.

CONTACT ADDRESS IN CANADA:
VITREX CERAMICS LTD:
951 FRASER DRIVE, BURLINGTON. ONT. L7L 4X8
Phone: (446) 637-8137
or
2893 ATHLONE AVE., PRINCE GEORGE, B.C. V2N 1G1
Phone: (604) 564-8275

# ਅੱਖੀਂ ਡਿੱਠਾ ਹਾਲੈਂਡ

ਸਾਥੀ ਲੁਧਿਆਣਵੀ

ਹਾਲੈਂਡ ਨੂੰ ਨੈਦਰਲੈਂਡਜ਼ ਵੀ ਆਖਿਆ ਜਾਂਦਾ ਹੈ। ਦਰਅਸਲ ਨੈਦਰਲੈਂਡਜ਼ ਵਿਚ ਨਾਰਥ ਅਤੇ ਸਊਥ ਹਾਲੈਂਡ ਦੋ ਸੂਬੇ ਹਨ, ਪਰ ਬਹੁਗਿਣਤੀ ਡੱਚ ਲੋਕ ਕਿਉਂਕਿ ਇਨ੍ਹਾਂ ਦੋਵਾਂ ਥਾਵਾਂ ਤੇ ਹੀ ਰਹਿੰਦੇ ਹਨ, ਇਸ ਲਈ ਇਸ ਸਾਰੇ ਮੁਲਕ ਨੂੰ ਹੀ ਹਾਲੈਂਡ ਆਖਿਆ ਜਾਣ ਲਗ ਪਿਆ ਹੈ। ਨੈਦਰਲੈਂਡਜ਼ ਦੀਆਂ ਵੀ ਆਪਣੀਆਂ ਬਸਤੀਆਂ ਹੁੰਦੀਆਂ ਸਨ ਜਿਨ੍ਹਾਂ ਨੂੰ 'ਕਾਲੋਨੀਜ਼ ਆਫ਼ ਨੈਦਰਲੈਂਡਜ਼' ਆਖਿਆ ਜਾਂਦਾ ਸੀ। ਹਾਲੈਂਡ ਅਜਕਲ ਭਾਵੇਂ ਇੰਗਲਿਸਤਾਨ ਦੇ ਵੇਲਜ਼ ਨਾਲੋਂ ਕੇਵਲ ਡੇਢ ਗੁਣਾ ਵੱਡਾ ਹੈ,ਪਰ ਇਹਦੀ ਧਰਤੀ ਕੁਦਰਤੀ ਖ਼ਜ਼ਾਨਿਆਂ ਨਾਲ ਭਰਪੂਰ, ਇਤਿਹਾਸਕ ਘਟਨਾਵਾਂ ਨਾਲ ਲਬਰੇਜ਼ ਅਤੇ ਬਹੁਭਾਂਤੇ ਲੋਕਾਂ ਨਾਲ ਭਰੀ ਹੋਈ ਹੈ। ਖੇਤੀਬਾੜੀ, ਜਹਾਜ਼ਰਾਨੀ, ਮਾਹੀਗੀਰੀ ਅਤੇ ਸਨਅੱਤ ਵਿਚ ਏਸ ਮੁਲਕ ਨੇ ਹੈਰਾਨੀਜਨਕ ਮਾਤਰਾ ਤੀਕ ਪ੍ਰਗਤੀ ਕੀਤੀ ਹੈ।

ਜਦੋਂ ਕਦੇ ਵੀ ਆਪਣੇ ਦੇਸ ਜਾਂ ਹੋਰ ਮੁਲਕਾਂ ਨੂੰ ਜਾਈਦਾ ਸੀ ਤਾਂ ਕਈ ਵੇਰ ਹਾਲੈਂਡ ਦੀ ਰਾਜਧਾਨੀ ਐਮ-ਸਟਰਡੈਮ (ਪਾਰਲੀਮੈਂਟ ਅਤੇ ਸ਼ਾਹੀ ਘਰਾਣਾ ਹੇਗ ਵਿਚ ਹਨ) ਦੇ ਹਵਾਈ ਅੱਡੇ ਉਤੇ ਰੁਕਣਾ ਪੈਂਦਾ ਸੀ। ਏਸ ਇਕ ਅੱਧ ਘੰਟੇ ਦੇ ਸਟਾਪ ਵੇਲੇ ਏਅਰਪੋਰਟੋਂ ਬਾਹਰ ਜਾਣ ਦਾ ਤਾਂ ਮੌਕਾ ਨਹੀਂ ਸੀ ਮਿਲਦਾ ਪਰ ਉਪਰਲੀ ਮੰਜ਼ਲ ਉਤੋਂ ਤੇ ਜਹਾਜ਼ ਜਦੋਂ ਏਅਰਪੋਰਟ ਉਤੇ ਉਤਰਨ ਹੀ ਲਗਦਾ ਹੁੰਦਾ ਸੀ ਤਾਂ ਵਲ ਖਾਂਦੀਆਂ ਸੜਕਾਂ, ਪਿੰਡਾਂ ਨੂੰ ਜਾਂਦੀਆਂ ਪਗ-ਡੰਡੀਆਂ, ਬੇਥਾਹ ਟ੍ਰੈਫ਼ਿਕ, ਉੱਚੀਆਂ ਇਮਾਰਤਾਂ ਤੇ ਰਾਤ ਵੇਲੇ ਬਹੁਰੰਗੀਆਂ ਰੌਸ਼ਨੀਆਂ ਨੂੰ ਤੱਕ ਕੇ ਦਿਲ ਮਚਲ ਉੱਠਦਾ ਹੁੰਦਾ ਸੀ ਕਿ ਕਦੇ ਐਮਸਟਰਡੈਮ ਦੇ ਸਾਰੇ ਸ਼ਹਿਰ ਅਤੇ ਹਾਲੈਂਡ ਦੇ ਖੇਤ, ਝੀਲਾਂ, ਫ਼ਾਰਮ ਅਤੇ ਡਾਈਕ ਵੇਖੇ ਜਾਣ। ਐਮਸਟਰਡੈਮ ਦੇ ਸਾਰੇ ਸ਼ਹਿਰ ਵਿਚ ਵਲ ਖਾਂਦੀਆਂ ਨਹਿਰਾਂ (Canals) ਉਤੇ ਕਿਸ਼ਤੀਆਂ ਵਿਚ ਬੈਠ ਕੇ ਤਰਿਆ ਜਾਏ। ਪਰ ਏਸ ਮੁਲਕ ਵਿਚ ਜਾਣ ਲਈ ਜੇਕਰ ਕੋਈ ਸਾਨੂੰ ਡਾਢੀ ਹੀ ਉਤਸੁਕਤਾ ਨਾਲ ਬੁਲਾ ਰਿਹਾ ਸੀ ਤਾਂ ਉਹ ਸੀ ਐਨ ਫਰੈਂਕ ਦੀ ਯਾਦ — ਐਨ ਫਰੈਂਕ, ਜਿਹੜੀ ਪੰਦਰਾਂ ਵਰ੍ਹਿਆਂ ਦੀ ਉਮਰੇ ਨਾਜ਼ੀਆਂ ਹੱਥੋਂ ਜਾਨ ਗੁਆ ਬੈਠੀ ਸੀ। ਇਹ ਇਕ ਯਹੂਦੀ ਲੜਕੀ ਸੀ ਜਿਸ ਦਾ ਪਰਵਾਰ ਹਿਟਲਰ ਦੇ ਸਿਪਾਹੀਆਂ ਤੋਂ ਬਚਕੇ ਇਕ ਘਰ ਦੀ ਉਤਲੀ ਮਿਆਨੀ ਵਿਚ ਦੋ ਵਰ੍ਹੇ ਲੁਕਿਆ ਰਿਹਾ ਸੀ ਤੇ ਜਦੋਂ ਉਹ ਫੜੇ ਗਏ ਸਨ ਤਾਂ ਉਨ੍ਹਾਂ ਨੂੰ ਯਹੂਦੀਆਂ ਲਈ ਰਾਖਵੇਂ ਕੈਂਪਾਂ ਵਿਚ ਭੇਜ ਦਿਤਾ ਗਿਆ ਸੀ, ਜਿਥੇ ਐਨ ਫਰੈਂਕ ਦੀ ਮਾਂ ਭੈਣ ਅਤੇ ਉਨ੍ਹਾਂ ਦੇ ਚਾਰੇ ਸਾਥੀ ਹੋਰਨਾਂ ਸੈਂਕੜੇ ਯਹੂਦੀਆਂ ਸਮੇਤ ਗੈਸ ਚੈਂਬਰਾਂ ਵਿਚ ਬੰਦ ਕਰਕੇ ਸਾੜ ਦਿਤੇ ਗਏ ਸਨ। ਅਨੁਮਾਨ ਹੈ ਕਿ ਐਨ ਫਰੈਂਕ ਦਾ ਵੀ ਇਹੋ ਹਸ਼ਰ ਹੋਇਆ ਸੀ। ਏਸ ਸਾਰੇ ਸੂਰਤੀ ਵਿਚੋਂ ਕੇਵਲ ਐਨ ਦਾ ਪਿਉ ਹੀ ਬਚ ਸਕਿਆ ਸੀ ਜਿਹੜਾ ਅਜੇ ਵੀ ਜੀਉਂਦਾ ਹੈ। ਦੋ ਵਰ੍ਹਿਆਂ ਦੇ ਇਸ ਗੁਪਤ ਨਿਵਾਸ ਵੇਲੇ ਐਨ ਫਰੈਂਕ ਨੇ ਨਿਤਨੇਮ ਨਾਲ ਆਪਣੀ ਡਾਇਰੀ ਲਿਖੀ ਜਿਹੜੀ ਬਾਅਦ ਵਿਚ ਡੱਚ ਅਤੇ ਜਰਮਨ ਜ਼ਬਾਨਾਂ ਵਿਚ ਪ੍ਰਕਾਸ਼ਤ ਹੋਈ। ਅੱਜ ਕਲ ਇਹ ਸੌ ਤੋਂ ਵੱਧ ਜ਼ਬਾਨਾਂ ਵਿਚ ਅਨੁਵਾਦਿਤ ਹੋ ਚੁੱਕੀ ਹੈ। ਇਸ ਦਾ ਪੰਜਾਬੀ ਅਨੁਵਾਦ ਛੇਤੀ ਹੀ ਪ੍ਰਕਾਸ਼ਤ ਹੋ ਰਿਹਾ ਹੈ, ਐਨ ਫਰੈਂਕ ਦੀ ਡਾਇਰੀ ਦਾ ਅਨੁਵਾਦ ਮੈਂ ਚੋਖੀ ਮਿਹਨਤ ਪਿਛੋਂ ਕੀਤਾ ਹੈ ਤੇ ਕੋਸ਼ਿਸ਼ ਕੀਤੀ ਹੈ ਕਿ ਇਸ ਦੀ ਮੌਲਿਕ ਰੰਗਣ ਨੂੰ ਨਿਰਲੇਪ ਰੱਖਿਆ ਜਾਵੇ। ਐਨ ਫਰੈਂਕ ਬਾਰੇ ਇਸ ਲੇਖ ਵਿਚ ਕਿਤੇ ਅੱਗੇ ਜਾ ਕੇ ਹੋਰ ਜ਼ਿਕਰ ਆਏਗਾ।

ਐਮਸਟਰਡੈਮ ਦੇ ਏਅਰਪੋਰਟ ਉਤੇ ਜਦੋਂ ਅਸੀਂ ਉਤਰੇ ਤਾਂ ਇਹ ਵੇਖਕੇ ਖ਼ੁਸ਼ੀ ਹੋਈ ਕਿ ਮੌਸਮ ਧੁਪੀਲਾ ਸੀ। ਹਾਲੈਂਡ ਭਾਵੇਂ ਲੰਡਨ ਤੋਂ ਕੇਵਲ ਪੰਜਤਾਲੀ ਮਿੰਟਾਂ ਦੀ ਟਰਾਈਡੈਂਟ-ਉਡਾਣ ਉਤੇ ਹੈ ਪਰ ਹਵਾਈ ਸਫ਼ਰ ਮੌਸਮਾਂ ਨੂੰ ਤਾਂ ਇਕੋ ਜਿਹਾ ਨਹੀਂ ਨਾ ਕਰ ਸਕਦਾ! ਲੰਡਨੋਂ ਜਦੋਂ ਅਸੀਂ ਟੁਰੇ ਸਾਂ ਤਾਂ ਬਦਲਵਾਈ ਜਿਹੀ ਸੀ ਤੇ ਅਕਤੂਬਰ ਦਾ ਮਹੀਨਾ ਆ ਰਹੀ ਪਤਝੜ ਦੇ ਆਸਾਰ ਵਿਖਾ ਰਿਹਾ ਸੀ। ਸੜਕਾਂ, ਘਰਾਂ ਦੀਆਂ ਛੱਤਾਂ ਅਤੇ ਘਾਹ ਦਿਆਂ ਲਾਅਨਾਂ ਉਤੇ ਸੋਨੇ ਰੰਗੇ ਬਹੁ ਭਾਂਤੇ ਪੱਤੇ ਹਵਾ-ਬੁਲਿਆਂ ਨਾਲ ਖੜ ਖੜ ਕਰਦੇ ਇਧਰ ਉਧਰ ਉਡ ਰਹੇ ਸਨ। ਲਗ ਭਗ ਇਹੋ ਹਾਲ ਐਮਸਟਰਡੈਮ ਦਾ ਸੀ, ਪਰ ਸੋਨੇ ਰੰਗੀ ਕਮਜ਼ੋਰ ਜਿਹੀ ਧੁਪ ਵੇਖਕੇ ਅਸਾਂ ਕਿਆਸ ਲਿਆ ਕਿ ਛੁਟੀਆਂ ਵਾਹ ਵਾਹ ਹੀ ਗੁਜ਼ਰਨਗੀਆਂ।

ਅਸੀਂ ਏਅਰਪੋਰਟੋਂ ਆਪਣੇ ਹੋਟਲ "ਸ਼ਿੱਲਰ" ਵਿਖੇ ਪਹੁੰਚੇ। ਇਹ ਬਹੁਤ ਖ਼ੂਬਸੂਰਤ ਦਸ ਮੰਜ਼ਲਾ ਹੋਟਲ ਸੀ ਤੇ ਐਮਸਟਰਡੈਮ ਦੇ ਦਿਲ ਰੈਂਬਰਾਂਪਲੀਨ ਉਤੇ ਸਥਿੱਤ ਸੀ। ਏਸ ਥਾਂ ਨੂੰ ਸਹਿਜੇ ਹੀ ਲੰਡਨ ਦੀ ਪਿਕਾਡਲੀ ਨਾਲ ਜੋੜਿਆ ਜਾ ਸਕਦਾ ਹੈ। ਇਥੇ ਦਿਨ ਵੇਲੇ ਵੀ ਰੌਣਕ ਰਹਿੰਦੀ ਹੈ, ਪਰ ਰਾਤ ਵੇਲੇ ਤਾਂ ਹੱਦ ਹੀ ਹੋ ਜਾਂਦੀ ਹੈ। ਕੈਫ਼ਿਆਂ, ਕਲੱਬਾਂ ਅਤੇ ਬੀਅਰ ਬਾਰਾਂ ਵਿਚ ਭੀੜਾਂ ਲੱਗੀਆਂ ਹੋਈਆਂ ਹੁੰਦੀਆਂ ਹਨ। ਸੰਗੀਤ, ਹਾਸਿਆਂ ਅਤੇ ਰੰਗ-ਬਰੰਗੀਆਂ ਬੱਤੀਆਂ ਦੀ ਜੀਕੂੰ ਛਹਿਬਰ ਹੀ ਤਾਂ ਲਗ ਜਾਂਦੀ ਹੈ ਤੇ ਓਸ ਸੈਕਸ-ਸਿਨਮੇਂ ਮੂਹਰੇ ਤਾਂ ਕਹਿਰ ਹੀ ਟੁੱਟ ਪੈਂਦਾ ਹੈ। ਵੱਡੇ ਹੋਟਲਾਂ ਤੇ ਬਾਰਾਂ ਮੂਹਰੇ ਚੱਕਰ ਕੱਟਦੀਆਂ 'ਕਾਲ ਗਰਲਾਂ' ਦੀਆਂ ਅੱਖਾਂ ਖੁਲ੍ਹੇ ਨਿਉਂਦਰੇ ਦੇ ਰਹੀਆਂ ਹੁੰਦੀਆਂ ਹਨ।

ਹਾਲੈਂਡ ਬਹੁਤ ਮਹਿੰਗਾ ਦੇਸ ਹੈ। ਏਸ ਗੱਲ ਦੀ ਹੈਰਾਨੀ ਮੈਨੂੰ ਏਸ ਕਰਕੇ ਵੀ ਨਾ ਹੋਈ ਕਿ 1973 ਵਿਚ ਮੈਂ ਡੈਨਮਾਰਕ, ਸਵੀਡਨ ਅਤੇ ਜਰਮਨੀ ਘੁੰਮ ਆਇਆ ਸਾਂ। ਸਵੀਡਨ ਸ਼ਾਇਦ ਸਵਿਟਜ਼ਰਲੈਂਡ (ਖ਼ਾਸ ਕਰਕੇ ਜ਼ੂਰਿਕ ਦਾ ਸ਼ਹਿਰ) ਤੋਂ ਬਾਅਦ ਸਾਰੇ ਯੂਰਪ ਤੋਂ ਮਹਿੰਗਾ ਹੈ। 'ਸ਼ਿੱਲਰ ਹੋਟਲ' ਵਿਚ ਅਸਾਂ ਡੱਬਲ ਕਮਰੇ ਦਾ ਕਰਾਇਆ 46 ਪੌਂਡ ਫ਼ੀ ਰਾਤ ਦਿਤਾ ਹਾਲਾਂਕਿ ਇਸ ਵਿਚ ਏਅਰਲਾਈਨ ਦਾ ਸਟਾਫ਼ ਹੋਣ ਦੇ ਨਾਤੇ 25 ਫ਼ੀ ਸਦੀ ਡਿਸਕਾਉਂਟ ਵੀ ਸੀ। ਐਮਸਟਰਡੈਮ ਵਿਚ ਖਾਣ ਪੀਣ ਦਾ ਸਮਾਨ ਵੀ ਕਾਫ਼ੀ ਮਹਿੰਗਾ ਹੈ। ਪਰ ਯਾਦ ਰਹੇ ਇਨ੍ਹਾਂ ਯੂਰਪੀਨ ਮੁਲਕਾਂ ਦੇ ਕਾਮੇ ਲੰਡਨ ਦੇ ਕਾਮਿਆਂ ਨਾਲੋਂ ਕਿਤੇ ਵੱਧ ਪੈਸੇ ਵੀ ਤਾਂ ਕਮਾਉਂਦੇ ਹਨ।

ਐਮਸਟਰਡੈਮ ਉਤਰਨ ਤੋਂ ਦੂਜੇ ਦਿਨ ਬਾਅਦ ਅਸੀਂ ਹੋਲੈਂਡ ਇੰਟਰਨੈਸ਼ਨਲ ਵਲੋਂ ਚਲਾਈਆਂ ਹੋਈਆਂ ਐਕਸਕਰਸ਼ਨ ਕੋਚਾਂ'ਚੋਂ ਇਕ ਲੈ ਲਈ,ਜਿਸ ਨੇ ਚਾਰ ਘੰਟਿਆਂ ਵਿਚ ਹਾਲੈਂਡ

ਦੇ ਪਿੰਡ, ਝੀਲਾਂ, ਡਾਈਕ ਅਤੇ ਫ਼ਾਰਮਾਂ ਦੇ ਦਰਸ਼ਨ ਕਰਵਾ ਦਿਤੇ। ਕੁਦਰਤ ਦੀ ਏਨੀ ਅਮੀਰੀ ਵੇਖਕੇ ਦਿਲ ਗਦ ਗਦ ਹੋ ਉੱਠਿਆ ਖੇਤਾਂ ਵਿਚ ਘਾਹ ਚੁਗਦੀਆਂ ਸਿਹਤਮੰਦ ਗਊਆਂ ਵੇਖਕੇ ਏਸ ਗੱਲ ਦੀ ਸਮਝ ਆ ਗਈ ਕਿ ਹਾਲੈਂਡ ਵਿਚ ਦੁੱਧ, ਮੱਖਣ ਅਤੇ ਚੀਜ਼ ਦੀ ਕਿਉਂ ਬਹੁਤਾਤ ਹੈ। ਇਹ ਦੇਸ ਭੇਡਾਂ ਪਾਲਣ ਵਿਚ ਯੂਰਪ ਭਰ ਵਿਚੋਂ ਮੋਢੀ ਹੈ। ਸਿੱਟੇ ਵਜੋਂ ਡੱਚ ਲੋਕ ਉੱਨ ਅਤੇ ਮੀਟ ਕਾਫ਼ੀ ਐਕਸਪੋਰਟ ਕਰਦੇ ਹਨ।

ਕੋਚ ਟਰਿੱਪ ਰਾਹੀਂ ਵੇਖੇ ਗਏ ਦੋ ਪਿੰਡਾਂ ਦਾ ਜ਼ਿਕਰ ਬਹੁਤ ਦਿਲਚਸਪ ਹੋਵੇਗਾ। ਅਸੀਂ ਮਾਰਕਨ ਨਾਮੀ ਪਿੰਡ ਗਏ। ਏਸ ਪਿੰਡ ਦੀ ਖ਼ਾਸੀਅਤ ਇਹ ਹੈ ਕਿ ਪਹਿਲਾਂ ਇਥੇ ਸਾਰਾ ਸਮੁੰਦਰ ਹੀ ਹੁੰਦਾ ਸੀ, ਪਰ ਹਾਲੈਂਡ ਦੀਆਂ ਕੁਝ ਪੂਰਬ ਸਰਕਾਰਾਂ ਨੇ ਪਾਣੀ ਨੂੰ ਰੋਕਣ ਲਈ ਵੱਡੇ ਵੱਡੇ ਡੈਮ ਬਣਾਏ ਤੇ ਵਾਧੂ ਪਾਣੀ ਨੂੰ ਇਕ ਝੀਲ ਵਿਚ ਬੰਨ੍ਹ ਲਿਆ। ਇਹ ਝੀਲ ਇਸ ਦੇਸ ਦੀ ਸਭ ਤੋਂ ਵੱਡੀ ਝੀਲ ਹੈ ਤੇ ਇਸ ਨੂੰ "ਇਜ਼ਸੈਲਮੀਰ" ਆਖਦੇ ਹਨ। ਮੌਨੇਕਨ ਡੈਮ ਦਾ ਸਾਰਾ ਜਜ਼ੀਰਾ ਹੀ ਕਿਸੇ ਵੇਲੇ ਸਮੁੰਦਰ ਹੀ ਸਮੁੰਦਰ ਹੁੰਦਾ ਸੀ। ਇਹ ਅੱਜ ਤੋਂ 600 ਸਾਲ ਪੁਰਾਣੀ ਗੱਲ ਹੈ। ਇਜ਼-ਸੈਲਮੀਰ ਨੂੰ ਉਸ ਵੇਲੇ ਜ਼ਾਈਟਰਜ਼ੀ ਕਿਹਾ ਜਾਂਦਾ ਸੀ। ਕੁਦਰਤੀ ਸੀ ਕਿ ਇਹਦਾ ਪਾਣੀ ਉਸ ਵੇਲੇ ਲੂਣਾਂ ਹੁੰਦਾ ਸੀ ਤੇ ਕਿਸੇ ਵੀ ਕੰਮ ਨਹੀਂ ਸੀ ਆਂਦਾ, ਪਰ ਅੱਜਕਲ ਇਸ ਝੀਲ ਵਿਚੋਂ ਨਾ ਸਿਰਫ਼ ਮੱਛੀਆਂ ਹੀ ਫੜੀਆਂ ਜਾਂਦੀਆਂ ਹਨ, ਸਗੋਂ ਇਸ ਵਿਚੋਂ ਖੇਤੀ ਸਿੰਜਣ ਅਤੇ ਗਊਆਂ ਤੇ ਭੇਡਾਂ ਦੀਆਂ ਚਰਾਗਾਹਾਂ ਨੂੰ ਪਾਣੀ ਵੀ ਦਿਤਾ ਜਾਂਦਾ ਹੈ।

ਮੌਨੇਕਨਡੈਮ ਦਾ ਜਜ਼ੀਰਾ ਕਿਸੇ ਵੇਲੇ ਬਹੁਤ ਅਮੀਰ ਹੋਇਆ ਕਰਦਾ ਸੀ, ਪਰ ਜਹਾਜ਼ਰਾਨੀ ਦੀ ਤਜਾਰਤ ਵਿਚ ਮੰਦਹਾਲੀ ਆਉਣ ਕਾਰਨ ਏਸ ਥਾਂ ਦੇ ਮਾਹੀਗੀਰ ਬੇਕਾਰ ਹੋ ਗਏ। ਉਂਝ ਵੀ ਦੇਸ ਵਿਚ ਨਵੀ ਸਾਇੰਸੀ ਖ਼ੁਸ਼ਹਾਲੀ ਆਉਣ ਕਾਰਨ ਮੌਨੇਕਨ ਡੈਮ ਦੇ ਪਿੰਡਾਂ ਦੇ ਗਭਰੂ ਅਤੇ ਮੁਟਿਆਰਾਂ ਐਮਸਟਰਡੈਮ, ਰੌਟਰਡੈਮ ਅਤੇ ਹੇਗ ਆਦਿ ਸ਼ਹਿਰਾਂ ਨੂੰ ਜਾਣ ਲੱਗੇ, ਸਿਟੇ ਵਜੋਂ ਅਜ ਕਲ ਏਥੇ ਬੁੱਢੇ, ਬੱਚੇ ਅਤੇ ਜ਼ੁਆਣੀਆਂ ਹੀ ਵਿਖਾਈ ਦਿੰਦੇ ਹਨ। ਜਵਾਨ ਕਾਮੇ ਹਫ਼ਤੇ ਦੇ ਅੰਤ ਵਿਚ ਸ਼ਹਿਰਾਂ ਤੋਂ ਘਰੀਂ ਪਰਤਦੇ ਹਨ। ਮਾਰਕਿਨ ਨਾਮ ਦਾ ਪਿੰਡ ਜਿਥੇ ਅਸੀਂ ਅੱਧਾ ਘੰਟਾ ਅਟਕੇ, ਪੁਰਾਣੇ ਹਾਲੈਂਡ ਦੀ ਸਹੀ ਤਸਵੀਰ ਪੇਸ਼ ਕਰਦਾ ਹੈ। ਇਥੋਂ ਦੀਆਂ ਸੁਆਣੀਆਂ ਹਾਲੀਂ ਵੀ ਰਵਾਇਤੀ ਕਪੜੇ ਹੀ ਪਹਿਨਦੀਆਂ ਹਨ। ਇਹ ਸਾਰੇ ਦਾ ਸਾਰਾ ਪਿੰਡ ਪ੍ਰੋਟੈਸਟੈਂਟ ਧਰਮ ਦੇ ਪੈਰੋਕਾਰਾਂ ਦਾ ਹੈ। ਇਸ ਦੇ ਟਾਕਰੇ ਉਤੇ ਵੋਲੈਨਡੈਮ ਪਿੰਡ ਸਾਰੇ ਦਾ ਸਾਰਾ ਹੀ ਕੈਥੋਲਿਕਾਂ ਦਾ ਹੈ। ਇਥੋਂ ਦੀਆਂ ਔਰਤਾਂ ਰਵਾਇਤੀ ਕਪੜੇ ਪਹਿਨਦੀਆਂ ਹਨ ਤੇ ਸਿਰਾਂ ਉਤੇ ਹੱਥੀਂ ਕਢਾਈ ਕੀਤੀਆਂ ਹੋਈਆ ਟੋਪੀਆਂ ਰਖਦੀਆਂ ਹਨ। ਵੋਲੈਨਡੈਮ ਦੇ ਲੋਕਾਂ ਦਾ ਗੁਜ਼ਾਰਾ ਵੀ ਮੱਛੀਆਂ ਫੜਕੇ ਹੀ ਹੁੰਦਾ ਹੈ ਤੇ ਜਾਂ ਫਿਰ ਉਥੋਂ ਦੇ ਕੰਮ ਕਰਨ ਯੋਗ ਆਦਮੀ ਐਮਸਟਰਡੈਮ ਆਦਿ ਸ਼ਹਿਰਾਂ ਵਿਚ ਕੰਮ ਕਰਨ ਜਾਂਦੇ ਹਨ। ਸ਼ਹਿਰਾਂ ਵਿਚਲੀ ਚਮਕ ਦਮਕ ਪਿੰਡਾਂ ਦੇ ਲੋਕਾਂ ਨੂੰ ਆਪਣੇ ਵਲ ਖਿੱਚਦੀ ਹੈ। ਤੇ ਸ਼ਹਿਰਾਂ ਵਿਚ ਕੰਮ ਕਰਦੇ ਪਤੀ, ਪੁੱਤਰ ਅਤੇ ਪਿਉ ਜਦੋਂ ਆਪਣੇ ਪਿੰਡੀ ਵਾਪਸ ਆਂਦੇ ਹਨ ਤਾਂ ਸ਼ਹਿਰਾਂ ਦੇ ਰਸਮ ਰਵਾਜ ਤੇ ਰਹਿਣ ਸਹਿਣ ਆਪਣੇ ਨਾਲ ਲੈ ਆਂਦੇ ਹਨ। ਏਸ ਤਰ੍ਹਾਂ ਕਰਨ ਨਾਲ ਪਿੰਡਾਂ ਦੀ ਸਾਦਗੀ ਅਤੇ ਸਦੀਆਂ ਪੁਰਾਣੀ ਰਵਾਇਤ ਵਿਚ ਵਿਘਨ ਪੈਂਦਾ ਹੈ। ਕਿਸੇ ਹੱਦ ਤੀਕ ਹਾਲੈਂਡ ਦਾ ਇਹ ਪਰੀਵਰਤਨ ਭਾਰਤ ਨਾਲ ਮੇਲ ਖਾਂਦਾ ਹੈ। ਓਥੇ ਵੀ ਅੱਜ ਕਲ ਪਿੰਡਾਂ ਦੀ ਰਵਾਇਤੀ ਸਾਦਗੀ ਖ਼ਤਮ ਹੋ ਰਹੀ ਹੈ। ਸ਼ਹਿਰਾਂ ਤੋਂ ਆਏ ਲੋਕ ਪਿੰਡਾਂ ਵਿਚ ਤਬਦੀਲੀਆਂ ਲਿਆ ਰਹੇ ਹਨ। ਵਲਾਇਤੋਂ ਗਏ ਲੋਕ ਵੀ ਪੰਜਾਬ ਦੇ ਪਿੰਡਾਂ ਵਿਚ ਨਵੀਂ ਕਿਸਮ ਦੀ ਤਬਦੀਲੀ ਲਿਆ ਰਹੇ ਹਨ। ਏਸ ਕੋਚ ਟਰਿੱਪ ਵੇਲੇ ਅਸੀਂ ਇਕ ਅਜਿਹੀ ਫ਼ਾਰਮ ਵਿਚ ਵੀ ਗਏ ਜਿਥੇ ਰਵਾਇਤੀ ਢੰਗ ਨਾਲ ਚੀਜ਼ (ਪਨੀਰੀ) ਬਣਦੀ ਹੈ। ਚੀਜ਼ ਸਾਰੇ ਪੱਛਮੀ ਮੁਲਕਾਂ ਵਿਚ ਸ਼ੌਕ ਨਾਲ ਖਾਧੀ ਜਾਂਦੀ ਹੈ। ਹਾਲੈਂਡ ਦੀ ਚੀਜ਼ ਮੰਨੀ ਪ੍ਰਮੰਨੀ ਹੈ। ਹਾਲੈਂਡ ਅਸਲ ਤੌਰ ਉਤੇ ਫੁੱਲਾਂ ਦਾ ਦੇਸ ਹੈ। ਇੰਗਲੈਂਡ ਤੇ ਹੋਰ ਯੂਰਪੀਨ ਮੁਲਕਾਂ ਤੋਂ ਲੈ ਕੇ ਅਮਰੀਕਾ ਤੀਕ ਇਥੋਂ ਦੇ ਫੁੱਲ ਭੇਜੇ ਜਾਂਦੇ ਹਨ। ਡੱਚ ਟਿਊਲਿਪ ਦਾ ਸੰਸਾਰ ਭਰ ਵਿਚ ਕੋਈ ਸਾਨੀ ਨਹੀਂ। ਇੰਗਲੈਂਡ ਭਰ ਵਿਚ ਉਗਾਏ ਜਾਂਦੇ ਟਿਊਲਿਪ ਅਸਲ ਵਿਚ ਡੱਚ ਹੀ ਹੁੰਦੇ ਹਨ। ਮੇਰੀ ਪਤਨੀ ਫੁੱਲ ਉਗਾਉਣ ਦੀ ਬੜੀ ਸ਼ੌਕੀਨ ਹੈ। ਆਲਸਮੀਰ ਵਿਖੇ ਅਸੀਂ ਫੁੱਲਾਂ ਦੀ ਸੰਸਾਰ ਭਰ ਵਿਚ ਸਭ ਤੋਂ ਵੱਡੀ ਮਾਰਕੀਟ ਵੇਖੀ। ਏਨੇ ਬਹੁ ਭਾਂਤੇ ਅਤੇ ਬਹੁਰੰਗੇ ਫੁੱਲਾਂ ਦਾ ਨਜ਼ਾਰਾ ਅਸੀਂ ਪਹਿਲਾਂ ਕਦੇ ਨਹੀਂ ਸੀ ਵੇਖਿਆ। ਇਹ ਸਾਰਾ ਕੁਝ ਕਿਸੇ ਸੁਪਨ-ਦੁਨੀਆ ਵਰਗਾ ਲਗ ਰਿਹਾ ਸੀ, ਜਿਵੇਂ ਕੋਈ ਬਾਤ ਪਾ ਰਿਹਾ ਹੋਵੇ; "ਫਿਰ ਉਹ ਗਭਰੂ ਉਸ ਸਹਿਜ਼ਾਦੀ ਦੇ ਫੁੱਲ, ਗੇਂਦੇ ਦੇ ਫੁੱਲ, ਟਿਊਲਪ ਦੇ ਫੁਲ ਤੇ ...ਤੇ ਫੁੱਲ ਹੀ ਫੁੱਲ, ਕਰੋੜਾਂ ਫੁੱਲ ... ...।' ਮੇਰੀ ਪਤਨੀ ਨੇ ਕਈ ਕਿਸਮਾਂ ਦੇ ਬੀਜ ਖ਼ਰੀਦੇ। ਆਉਂਦੀਆਂ ਗਰਮੀਆਂ ਵਿਚ ਸਾਡਾ ਬਗ਼ੀਚਾ ਵੀ ਡੱਚ ਫੁੱਲਾਂ ਨਾਲ ਮਹਿਕੇਗਾ ਤੇ ਉਥੋਂ ਦੇ ਖ਼ੂਬਸੂਰਤ ਲੋਕਾਂ ਦੀ ਯਾਦ ਦਿਲਾਏਗਾ।'

ਵੀ. ਸੀ 10 ਅਤੇ ਕੰਨਕੌਰਡ ਵਰਗੇ ਜਹਾਜ਼ਾਂ ਨੇ ਫੁੱਲਾਂ ਦੀ ਤਾਜ਼ਗੀ ਨੂੰ ਕੁਝ ਹੀ ਘੰਟਿਆਂ ਵਿਚ ਇਕ ਦੇਸ ਤੋਂ ਦੂਜੇ ਵਿਚ ਪਹੁੰਚਾਣ ਵਿਚ ਸਹਾਇਤਾ ਕੀਤੀ ਹੈ। ਏਸ ਤੇਜ਼-ਰਫ਼ਤਾਰ ਯੁਗ ਦਾ ਹਾਲੈਂਡ ਵਰਗੇ ਫੁੱਲਾਂ ਦੇ ਦੇਸ ਨੂੰ ਬਹੁਤ ਫ਼ਾਇਦਾ ਹੋਇਆ ਹੈ।

ਜੋਨ ਕੀਟਸ ਨੇ ਕਿਹਾ ਹੈ ਕਿ "ਸੁਹਣੀ ਸ਼ੈ ਸਦੀਵੀ ਅਨੰਦ ਹੈ," ਜਿਥੇ ਫੁੱਲਾਂ ਦੀ ਸੁੰਦਰਤਾ ਇਸ ਦੀ ਤਾਜ਼ਗੀ ਤੀਕ ਹੀ ਮਹਿਦੂਦ ਹੈ, ਉਥੇ ਹੀਰਿਆਂ ਦੀ ਸੁੰਦਰਤਾ ਸਦੀਵੀ ਹੈ। ਇਹ ਕਦੇ ਵੀ ਨਹੀਂ ਘਟਦੀ। ਐਮਸਟਰਡੈਮ ਆਏ ਸਾਂ ਤਾਂ ਸਾਨੂੰ ਇਹ ਵੀ ਪਤਾ ਸੀ ਕਿ ਇਥੋਂ ਦੇ ਹੀਰੇ ਸੰਸਾਰ ਭਰ ਵਿਚ ਪ੍ਰਸਿੱਧ ਹਨ। ਅਸੀਂ ਨਾ ਤਾਂ ਹੀਰੇ ਖ਼ਰੀਦਣ ਯੋਗ ਹੀ ਹਾਂ ਤੇ ਨਾ ਹੀ ਸੋਨੇ ਅਤੇ ਹੀਰਿਆਂ ਦੇ ਗਹਿਣੇ ਪਹਿਨਣ ਦਾ ਸ਼ੌਕ ਹੀ ਹੈ; ਪਰ ਹੀਰਿਆਂ ਪਿਛੇ ਮਨੁੱਖ ਦੀ ਪਦਾਰਥਕ ਭੁੱਖ ਲੁਕੀ ਹੋਈ ਹੈ। ਇਨ੍ਹਾਂ ਨੂੰ ਹਥਿਆਉਣ ਕਾਰਨ ਲੜਾਈਆਂ ਲੜੀਆਂ ਗਈਆਂ, ਅਖ਼ਲਾਕ ਨੂੰ ਕਿਲੀ ਟੰਗਿਆ ਗਿਆ ਤੇ ਧੋਖਿਆਂ ਫ਼ਰੇਬਾਂ ਦੇ ਜਾਲ ਵਿਛਾਏ ਗਏ। ਕੋਹਿਨੂਰ ਹੀਰੇ ਦਾ ਇੰਗਲੈਂਡ ਪਹੁੰਚ ਜਾਣਾ ਹਾਲੀ ਵੀ ਹਿੰਦੁਸਤਾਨੀਆ ਲਈ ਇਕ ਜਜ਼ਬਾਤੀ ਵਿਦਰੋਹ ਵਾਲੀ ਗੱਲ ਹੈ। ਹੀਰੇ ਔਰਤ ਲਈ ਬਹੁਤ ਵੱਡੀ ਖਿੱਚ ਰਖਦੇ ਹਨ। ਇਨ੍ਹਾਂ ਦੀ ਤਾਕਤ ਸਦਕਾ ਇਤਿਹਾਸ ਵਿਚ ਕਿੰਨੀਆਂ ਔਰਤਾਂ ਨੇ ਅਣਚਾਹੇ ਲੋਕਾਂ ਨਾਲ ਸੇਜਾਂ ਸਾਂਝੀਆਂ ਕੀਤੀਆਂ ਹੋਣਗੀਆਂ ਤੇ ਇਸ ਦੇ ਲਾਲਚ ਪਿਛੇ ਕਿੰਨੀਆਂ ਨੇ ਅਣਚਾਹੇ ਮਰਦਾਂ ਨਾਲ ਵਿਆਹ ਰਚਾਏ ਹੋਣਗੇ! ਅਜੋਕੇ ਯੁਗ ਵਿਚ ਹੀਰੇ

ਹੋਰ ਵੀ ਦੁਰਲੱਭ ਹੋ ਗਏ ਹਨ। ਅਲਿਜ਼ਬੈੱਥ ਟੇਲਰ ਕੋਲ ਰਿਚਰਡ ਬਰਟਨ ਦੇ ਦਿੱਤੇ ਹੋਏ ਅਨੇਕਾਂ ਬਹੁਮੁੱਲੇ ਹੀਰੇ ਹਨ। ਮਹਾਰਾਣੀ ਅਲਿਜ਼ਬੈਥ ਤੇ ਨੀਦਰਲੈਂਡਜ਼ ਦੀ ਮਹਾਰਾਣੀ ਜੂਲੀਆਨਾ ਦਿਆਂ ਤਾਜਾਂ ਵਿਚ ਬਿਹਤਰੀਨ ਤੋਂ ਬਿਹਤਰੀਨ ਹੀਰੇ ਜੜੇ ਹੋਏ ਹਨ। ਐਮਸਟਰਡੈਮ ਵਿਚ 'ਵਾਨ ਮੋਪੇਂਸ ਐਂਡ ਜ਼ੂਨ' ਨਾਮ ਦੀ ਹੀਰਿਆਂ ਦੀ ਫ਼ੈਕਟਰੀ ਦੁਨੀਆ ਭਰ ਵਿਚ ਸਭ ਤੋਂ ਵੱਡੀ ਹੈ। ਇਹ 1809 ਵਿਚ ਸਥਾਪਤ ਹੋਈ ਸੀ ਤੇ ਹੁਣ ਤੀਕ ਅਨੇਕਾਂ ਵਿਸ਼ਵ ਇਨਾਮ ਜਿੱਤ ਚੁੱਕੀ ਹੈ। ਸਾਡੇ ਹੋਟਲ ਨੇ ਇਹ ਫ਼ੈਕਟਰੀ ਦਿਖਾਉਣ ਦਾ ਇੰਤਜ਼ਾਮ ਕਰ ਦਿਤਾ ਸੀ। ਇਹ ਸਾਡਾ ਹਾਲੈਂਡ ਵਿਚ ਤੀਜਾ ਦਿਨ ਸੀ।

ਖੁਰਦਰੇ ਹੀਰੇ ਸਾਊਥ ਅਫ਼ਰੀਕਾ ਦੀਆਂ ਕਾਨਾਂ ਅਤੇ ਦਰਿਆਵਾਂ ਵਿਚੋਂ ਕੱਢੇ ਜਾਂਦੇ ਹਨ। ਉਥੋਂ ਸਿਧੇ ਇਹ ਲੰਡਨ ਦੀ ਬੀਅਰਜ਼ ਸੈਂਟਰਲ ਸੈਲਿੰਗ ਆਰਗੇਨਾਈਜ਼ੇਸ਼ਨ ਕੋਲ ਪਹੁੰਚ ਜਾਂਦੇ ਹਨ। ਇਹ ਕੰਪਨੀ ਸਾਰੇ ਸੰਸਾਰ ਦੇ ਹੀਰਿਆਂ ਦੀ ਉਪਜ ਦਾ 85% ਹਿੱਸਾ ਕੰਟਰੋਲ ਕਰਦੀ ਹੈ। ਵਾਨ ਮੋਪੇਂਸ ਕੰਪਨੀ ਵੀ ਇਨ੍ਹਾਂ ਤੋਂ ਹੀ ਹੀਰੇ ਖ਼ਰੀਦਦੀ ਹੈ। ਹੀਰੇ ਸਨਅੱਤ ਲਈ ਵੀ ਵਰਤੇ ਜਾਂਦੇ ਹਨ ਤੇ ਗਹਿਣਿਆਂ ਲਈ ਵੀ। ਸਨਅੱਤ ਵਿਚ ਇਹ ਡਰਿੱਲਾਂ ਨੂੰ ਲਗਦੇ ਹਨ ਕਿਉਂਕਿ ਹੀਰਾ ਸਭ ਤੋਂ ਸਖ਼ਤ ਪੱਥਰ ਹੈ ਜਿਹੜਾ ਕਿਸੇ ਵੀ ਹੋਰ ਧਾਤ ਨੂੰ ਕੱਟ ਸਕਦਾ ਹੈ। ਸਗੋਂ ਹੀਰੇ ਨੂੰ ਕੱਟਣ ਲਈ ਵੀ ਹੀਰਾ ਹੀ ਇਸਤੇਮਾਲ ਕੀਤਾ ਜਾ ਸਕਦਾ ਹੈ। ਹੀਰੇ ਨੂੰ ਪਾਲਸ਼ ਕਰਨ ਲਈ ਅਤੇ ਕੱਟਣ ਲਈ ਚੌਦਾਂ ਘੰਟੇ ਲਗਦੇ ਹਨ। ਵਾਨ ਮੋਪੇਂਸ ਵਿਚ ਕੱਟਿਆ ਹੀਰਾ 58 ਕੋਨਿਆਂ ਵਾਲਾ ਹੁੰਦਾ ਹੈ। ਇਹ ਕੋਨੇ ਹੀਰੇ ਵਿਚਲੀ ਰੌਸ਼ਨੀ ਨੂੰ ਇਕ ਦੂਜੇ ਨਾਲ ਟਕਰਾ ਕੇ ਅਨੇਕਾਂ ਰੌਸ਼ਨੀਆਂ ਪੈਦਾ ਕਰਦੇ ਹਨ। ਸਹੀ ਤਰ੍ਹਾਂ ਕੱਟੇ ਹੀਰੇ ਬਹੁਤੇ ਮਹਿੰਗੇ ਵਿਕਦੇ ਹਨ। ਇਹ ਕਈਆਂ ਸ਼ਕਲਾਂ ਵਿਚ ਕੱਟੇ ਜਾ ਸਕਦੇ ਹਨ। ਹੀਰੇ ਸਤਰੰਗੀ ਪੀਂਘ ਜਿੰਨੇ ਰੰਗਾਂ ਜਿੰਨੇ ਹੁੰਦੇ ਹਨ, ਪਰ ਸਭ ਤੋਂ ਮਸ਼ਹੂਰ ਹੀਰਾ ਜਾਮਣੀ ਤੇ ਚਿੱਟਾ ਹੁੰਦਾ ਹੈ। ਹੀਰੇ ਨੂੰ ਪਰਖਣ ਲਈ ਚਾਰ 'C' ਸਾਹਮਣੇ ਰਖਣੀਆਂ ਪੈਂਦੀਆਂ ਹਨ ਜਿਨ੍ਹਾਂ ਦਾ ਭਾਵ ਹੈ Colour, Clarity, Cut ਅਤੇ Carat ਯਾਦ ਰਹੇ ਪੰਜ ਕੈਰਟ ਇਕ ਗਰਾਮ ਦੇ ਬਰਾਬਰ ਹੁੰਦੇ ਹਨ। ਪਰ ਹੀਰਿਆਂ ਅਤੇ ਫੁੱਲਾਂ ਦੀ ਸੁੰਦਰਤਾ ਨੂੰ ਕੋਮਲ-ਭਾਵੀ ਲੋਕ ਹੀ ਸਮਝ ਸਕਦੇ ਹਨ। ਇਕ ਉਰਦੂ ਸ਼ਾਇਰ ਦਾ ਫੁੱਲ, ਹੀਰੇ ਅਤੇ ਸ਼ਾਇਰੀ ਜਜ਼ਬਾਤ-ਰਹਿਤ ਮਨੁੱਖ ਬਾਰੇ ਪ੍ਰਤੀਕਰਮ ਵੇਖੋ :—

ਫੂਲ ਕੀ ਪੱਤੀ ਸੇ ਕੱਟ ਸਕਤਾ ਹੈ ਹੀਰੇ ਕਾ ਜਿਗਰ,
ਮਰਦੇ-ਨਾਦਾਂ ਪਰ ਕਲਾਮੇ-ਨਰਮੋਂ-ਨਾਜ਼ਕ ਬੇਅਸਰ।

ਹਾਲੈਂਡ ਦਾ ਬਹੁਤ ਸਾਰਾ ਹਿੱਸਾ ਪਹਿਲਾਂ ਪਾਣੀ ਹੇਠ ਹੀ ਦੱਬਿਆ ਹੋਇਆ ਸੀ ਪਰ 1640 ਵਿਚ ਜੈਨ ਲੀਮਾਂ-ਵਾਟਰ ਨੇ ਇਕ ਯੋਜਨਾ ਬਣਾਈ ਜਿਸ ਰਾਹੀਂ 160 ਵਿੰਡ ਮਿੱਲਾਂ ਨਾਲ ਹਾਰਲੇਮ ਝੀਲ ਨੂੰ ਖ਼ਾਲੀ ਕੀਤਾ ਜਾਣਾ ਸੀ। ਇਹ ਯੋਜਨਾ ਉਨ੍ਹੀਵੀਂ ਸਦੀ ਵਿਚ ਨੇਪਰੇ ਚੜ੍ਹੀ ਜਿਸ ਦੇ ਸਿੱਟੇ ਵਜੋਂ 40,000 ਏਕੜ ਜ਼ਮੀਨ ਵਾਹੀ ਅਤੇ ਰਿਹਾਇਸ਼ ਲਈ ਖ਼ਾਲੀ ਹੋਈ। ਏਸੇ ਤਰ੍ਹਾਂ ਹਾਲੀ ਵੀ ਇਕ ਯੋਜਨਾ ਰਾਹੀ ਹਜ਼ਾਰਾਂ ਏਕੜ ਜ਼ਮੀਨ ਵਾਹੀ ਤੇ ਵਸੋਂ ਯੋਗ ਕਰਨ ਦੀ ਯੋਜਨਾਂ ਹੈ, ਜਿਹੜੀ 1980 ਵਿਚ ਪੂਰੀ ਹੋ ਰਹੀ ਹੈ। ਏਸ ਮੁੜ-ਪ੍ਰਾਪਤ ਕੀਤੀ ਜ਼ਮੀਨ ਨੂੰ ਡਾਈਕ ਆਖਦੇ ਹਨ। ਦਰ ਅਸਲ ਸਾਰਾ ਹਾਲੈਂਡ ਹੀ ਛੋਟੀਆਂ ਨਹਿਰਾਂ ਨਾਲ ਭਰਿਆ ਹੋਇਆ ਹੈ,ਜਿਨ੍ਹਾਂ ਰਾਹੀ ਪਾਣੀ ਨੂੰ ਜ਼ਮੀਨ ਤੋਂ ਪਰ੍ਹਾਂ ਵੀ ਰਖਿਆ ਜਾਂਦਾ ਹੈ ਤੇ ਲੋੜ ਵੇਲੇ ਵਰਤ ਵੀ ਲਿਆ ਜਾਂਦਾ ਹੈ। ਪਾਣੀ ਜਿਥੇ ਖੇਤੀ ਲਈ ਹੜ੍ਹਾਂ ਦਾ ਕਾਰਨ ਵੀ ਬਣਦਾ ਰਿਹਾ ਹੈ ਉਥੇ ਇਸ ਦੀ ਬਦੌਲਤ ਨੀਦਰਲੈਂਡਜ਼ ਜਹਾਜ਼ਰਾਨੀ ਦਾ ਯੂਰਪੀਨ ਕੇਂਦਰ ਵੀ ਬਣਿਆ ਰਿਹਾ ਹੈ, ਕਿਉਂਕਿ ਇਸ ਨੂੰ ਬਾਲਟਿਕ ਅਤੇ ਨਾਰਥ ਸੀਮਾਂ ਨੇੜੇ ਪੈਂਦੇ ਹਨ।

ਡਚ ਲੋਕਾਂ ਨੂੰ ਚਿਤ੍ਰਕਾਰੀ ਦਾ ਵੀ ਬੜਾ ਸ਼ੌਕ ਹੈ। ਘਰਾਂ, ਹੋਟਲਾਂ ਅਤੇ ਕੋਠਿਆਂ ਵਿਚ ਬੇਸ਼ੁਮਾਰ ਚਿਤ੍ਰ ਲਟਕ ਰਹੇ ਹੁੰਦੇ ਹਨ। ਜਿਸ ਦੇਸ਼ ਨੇ ਰੈਂਮਬਰਾਂ ਹਾਲਜ਼, ਵਰਮੀਅਰ, ਡੀਰੂਚ, ਕਾਈਪ, ਵੈਨ ਗਾਘ ਅਤੇ ਮੌਡਰੀਆਂ ਜਿਹੇ ਚਿਤ੍ਰਕਾਰ ਸੰਸਾਰ ਨੂੰ ਦਿੱਤੇ ਹੋਣ, ਉਨ੍ਹਾਂ ਤੋਂ ਏਨੀ ਕੁ ਆਸ ਰੱਖ ਲੈਣੀ ਤਾਂ ਠੀਕ ਹੀ ਹੈ। ਰੈਂਬਰਾਂ ਦਾ ਇਕ ਸੈਲਫ਼-ਪੋਰਟਰੇਟ ਲੰਡਨ ਦੇ ਕੈਨਵੁਡ ਹਾਊਸ ਵਿਚ ਵੀ ਪਿਆ ਹੈ। ਜਾਂਨ ਵਾਂਨ ਰਿਉਸਮ ਬਹੁਤ ਵੱਡਾ ਡੱਚ ਪੇਂਟਰ ਹੋਇਆ ਹੈ। ਉਸ ਦੀ ਵਿਸ਼ੇਸ਼ਤਾ ਫੁੱਲਾਂ ਨੂੰ ਪੇਂਟ ਕਰਨਾ ਸੀ। ਐਮਸਟਰਡੈਮ ਵਿਚਲੀਆਂ ਬਿਲਡਿੰਗਾਂ ਵੀ ਇਨ੍ਹਾਂ ਲੋਕਾਂ ਦੇ ਆਰਟ ਪ੍ਰਤੀ ਇਸ਼ਕ ਨੂੰ ਉਜਾਗਰ ਕਰਦੀਆਂ ਹਨ। ਬੇਹੱਦ ਖ਼ੂਬਸੂਰਤ ਇਮਾਰਤ ਅਸਾਂ ਮਿਡਲਬਰਗ ਵਿਖੇ ਗੋਥਿਕ ਟਾਊਨਹਾਲ ਦੀ ਵੇਖੀ। ਇਸ ਉਤੇ ਅਨੇਕਾਂ ਭਾਂਤਾਂ ਦੀ ਚਿਤ੍ਰਕਾਰੀ ਤੋਂ ਸਿਵਾ 25 ਕਾਊਂਟਾਂ ਅਤੇ ਕਾਊਂਟੈਸਾਂ ਦੇ ਬੁੱਤ ਵੀ ਹਨ। ਡੈਮ ਰੱਕ ਦਾ ਸ਼ਾਹੀ ਘਰ ਜਿਹੜਾ ਪਹਿਲਾਂ ਟਾਊਨ ਹਾਲ ਹੁੰਦਾ ਸੀ, ਵੀ ਖ਼ੂਬਸੂਰਤ ਹੈ। ਐਮਸਟਰਡੈਮ ਦੀ ਅਸਾਂ ਨੈਸ਼ਨਲ ਆਰਟ ਗੈਲਰੀ ਵੀ ਵੇਖੀ ਤੇ ਅਜਾਇਬ ਘਰ ਵੀ।

ਡੱਚ ਲੋਕ ਸਪੋਰਟਸ ਦੇ ਵੀ ਸ਼ੌਕੀਨ ਹਨ। ਫੁੱਟਬਾਲ, ਹਾਕੀ, ਆਈਸ ਸਕੇਟਿੰਗ ਤੇ ਸਾਈਕਲਿੰਗ ਦੇ ਬੜੇ ਕਲੱਬ ਹਨ। ਪਰ ਸਭ ਤੋਂ ਵਧ ਨਾਮ ਇਨ੍ਹਾਂ ਨੇ ਫੁੱਟਬਾਲ ਵਿਚੋਂ ਖਟਿਆ ਹੈ। ਐਮਸਟਰਡੈਮ ਦਾ ਏਜੈਕਸ ਕਲੱਬ ਬੜਾ ਤਕੜਾ ਹੈ। ਹਾਲੈਂਡ ਨੇ ਦੋ ਵੇਰ ਯੂਰਪੀਨ ਕੱਪ ਜਿੱਤਿਆ ਹੈ। ਇੰਗਲੈਂਡ ਦੇ ਬੱਬੀ ਮੋਰ ਵਾਂਗ ਜੋਹੈਨ ਕਰਾਈਫ ਉਥੋਂ ਦਾ ਮੰਨਿਆ ਪ੍ਰਮੰਨਿਆ ਫੁੱਟਬਾਲ ਦਾ ਖਿਡਾਰੀ ਹੈ।

ਸ਼ਾਪਿੰਗ ਕਰਨ ਲਈ ਐਮਸਟਰਡੈਮ ਵਿਚ ਡੈਮ ਰੱਕ, ਡੈਮ ਸੁਕੇਅਰ ਅਤੇ ਵਾਟਰਪਲੀਨ ਵਧੀਆਂ ਥਾਵਾਂ ਹਨ, ਪਰ ਚੀਜ਼ਾਂ ਦੀ ਮਹਿੰਗਾਈ ਲੰਡਨ ਨਾਲੋਂ ਕਿਤੇ ਵਧੇਰੇ ਹੈ।

ਹਾਲੈਂਡ ਵਿਚ ਲਿੰਗ ਆਜ਼ਾਦੀ ਬਹੁਤ ਹੈ। ਡੈਮਰੱਕ ਕੋਲ ਇਕ ਬਜ਼ਾਰ ਹੀ ਅਜਿਹਾ ਹੈ ਜਿਥੇ ਬਲੂ ਫ਼ਿਲਮਾਂ, ਜਿਉਂਦਾ ਲਿੰਗ ਭੋਗ ਅਤੇ ਵੇਸਵਾਗਮਨੀ ਖੁਲ੍ਹਮ ਖੁਲ੍ਹਾ ਕਲੱਬਾਂ ਅਤੇ ਹੋਟਲਾਂ ਵਿਚ ਹੁੰਦੀ ਹੈ। ਬਲੂ ਫ਼ਿਲਮਾਂ ਅਤੇ ਰਿਸਾਲੇ ਬਾਹਰੋਂ ਆਏ ਸੈਲਾਨੀ ਧੜਾ ਧੜ ਖ਼ਰੀਦਦੇ ਹਨ। ਗੱਲ ਕੀ, ਇਸ ਬਾਜ਼ਾਰ ਵਿਚ ਤੇ ਇਹਦੇ ਆਸੇ ਪਾਸੇ ਲਿੰਗ-ਰੁਚੀ ਦੀ ਹਰ ਭੁੱਖ ਪੂਰੀ ਕੀਤੀ ਜਾ ਸਕਦੀ ਹੈ — ਆਮ ਤੀਵੀਂ ਮਰਦ ਦੇ ਸੈਕਸ ਸੰਬੰਧਾਂ ਤੋਂ ਲੈ ਕੇ ਸਮਲਿੰਗ ਭੋਗ ਤੀਕ। ਪਹਿਲਾਂ ਡੈਨਮਾਰਕ ਸਿਰ-ਕੱਢ ਹੁੰਦਾ ਸੀ, ਪਰ ਉਥੋਂ ਦੀ ਨਵੀਂ ਮਲਕਾ ਮਾਰਗਰੇਥਾ ਨੇ ਸੈਕਸ ਸ਼ੋਅ ਅਤੇ ਬਲੂ ਫ਼ਿਲਮਾਂ ਬੰਦ ਕਰਵਾ ਦਿੱਤੀਆਂ ਹਨ। ਹੈਮਬਰਗ ਅਤੇ ਸਟਾਕਹੋਮ ਹਾਲੀਂ ਉਸੇ ਤਰ੍ਹਾਂ ਹਨ ਜੀਕੂ ਐਮਸਟਰਡੈਮ ਹੈ।

ਸਾਰਾ ਐਮਸਟਰਡੈਮ ਵਲ-ਖਾਂਦੀਆਂ ਨਹਿਰਾਂ ਨਾਲ ਘਿਰਿਆ ਹੋਇਆ ਹੈ। ਅਸੀਂ ਇਕ ਕੈਨਾਲ ਟਰਿੱਪ ਲਿਆ, ਜਿਸ ਰਾਹੀਂ ਖ਼ੂਬਸੂਰਤ ਪਾਰਦਰਸ਼ੀ ਕਿਸ਼ਤੀਆਂ (ਉਪਰੋਂ ਸ਼ੀਸ਼ੇ ਨਾਲ ਢੱਕੀਆਂ ਹੋਈਆਂ) ਵਿਚ ਸੈਰ ਵੀ ਕੀਤੀ ਤੇ ਸਾਰਾ ਐਮਸਟਰਡੈਮ ਵੀ ਬੜਾ ਨੇੜਿਉਂ ਵੇਖਿਆ। ਸਾਡੀ ਗਾਈ

ਜਿਹੜੀ ਫ਼ਰੈਂਚ, ਇੰਗਲਿਸ਼, ਸਪੈਨਿਸ਼ ਜ਼ਰਮਨ ਅਤੇ ਡੱਚ ਜ਼ਬਾਨਾਂ ਵਾਰੋ ਵਾਰੀ ਬੋਲ ਰਹੀ ਸੀ, ਨੇ ਦੱਸਿਆ ਕਿ ਇਨ੍ਹਾਂ ਨਹਿਰਾਂ ਰਾਹੀਂ ਪੁਰਾਣੇ ਵੇਲਿਆਂ ਵਿਚ ਮੱਲਾਹ ਅਤੇ ਸੁਦਾਗਰ ਘਰੋ ਘਰੀ ਫਿਰ ਕੇ ਸਮਾਨ ਵੇਚਿਆ ਕਰਦੇ ਸਨ, ਭਾਵ ਇਨ੍ਹਾਂ ਨਹਿਰਾਂ ਰਾਹੀਂ ਅਨੇਕਾਂ ਘਰਾਂ ਦੀਆਂ ਵੱਡੀਆਂ ਖਿੜਕੀਆਂ ਤੀਕ ਪੁਜਿਆ ਜਾ ਸਕਦਾ ਹੈ। ਯਾਦ ਰਹੇ ਡੱਚ ਲੋਕਾਂ ਉਤੇ ਸਪੇਨ ਦਾ ਬਹੁਤ ਅਸਰ ਹੈ, ਕਿਉਂਕਿ ਸਪੇਨ ਨੇ ਕਾਫ਼ੀ ਦੇਰ ਉਨ੍ਹਾਂ ਦੇ ਦੇਸ਼ ਨੂੰ ਗ਼ੁਲਾਮ ਬਣਾਈ ਰਖਿਆ ਸੀ। ਐਪਰ ਡੱਚ ਲੋਕਾਂ ਨੇ ਵੀ ਹੋਰਨਾਂ ਲੋਕਾਂ ਅਤੇ ਮੁਲਕਾਂ ਉਤੇ ਕਬਜ਼ੇ ਕੀਤੇ ਸਨ। ਨੀਗਰੋ ਲੋਕਾਂ ਦੀ ਗ਼ੁਲਾਮ-ਫ਼ਰੋਸ਼ੀ ਵਿਚ ਡੱਚ ਲੋਕਾਂ ਦਾ ਬਹੁਤ ਹੱਥ ਸੀ। ਇਨ੍ਹਾਂ ਦਾ ਰਾਜ ਇੰਡੋਨੇਸ਼ੀਆ ਤੇ ਸੁਰੀਨਾਮ ਤੀਕ ਫੈਲਿਆ ਹੋਇਆ ਸੀ। ਸਾਊਥ ਅਫ਼ਰੀਕਾ ਵਿਚ ਰਾਜ ਕਰਦੇ ਚਿੱਟੇ ਨਸਲਵਾਦੀ ਐਫ਼ਰੀਕੇਨਰ ਡੱਚ ਪਿਛੋਕੜ ਦੇ ਹੀ ਤਾਂ ਹਨ। ਪਰ ਹਾਲੈਂਡ ਦੇ ਅੱਜ ਦੇ ਲੋਕ ਉੱਕਾ ਨਸਲਵਾਦੀ ਨਹੀਂ ਹਨ। ਸ਼ਾਇਦ ਇਹਦਾ ਕਾਰਨ ਇਹ ਵੀ ਹੋਵੇ ਕਿ ਜੱਦੀ ਡੱਚ ਲੋਕਾਂ ਨੂੰ ਛੱਡਕੇ ਬਹੁਤ ਸਾਰੇ ਲੋਕਾਂ ਵਿਚ ਕਾਲੇ ਖ਼ੂਨ ਦਾ ਮਿਸ਼ਰਣ ਹੈ।

ਸਾਡੀ ਸਭ ਤੋਂ ਵਡੀ ਤਾਂਘ ਐਨ ਫ਼ਰੈਂਕ ਦਾ ਘਰ ਵੇਖ ਕੇ ਪੂਰੀ ਹੋਈ, ਮੇਰੇ ਵੱਡੇ ਪੁੱਤਰ ਪਰਵੀਨ, ਮੈਂ ਤੇ ਯਸ਼ਵੀਰ ਨੇ ਉਸ ਦੀ ਡਾਇਰੀ (ਕਿਤਾਬੀ ਸ਼ਕਲ ਵਿਚ) ਪੜ੍ਹੀ ਹੋਈ ਸੀ। ਅਸੀਂ ਉਸ ਤੋਂ ਬਹੁਤ ਪ੍ਰਭਾਵਤ ਹੋਏ ਸਾਂ। ਸੱਤਾਂ ਵਰ੍ਹਿਆਂ ਦੇ ਨਵੀਨ ਨੂੰ ਵੀ ਅਸਾਂ ਸਮਝਾ ਦਿੱਤਾ ਸੀ ਕਿ "ਮਾਜਰਾ ਕਿਆ ਹੈ"। ਉਹ ਫਿਰ ਵੀ ਪੁੱਛਦਾ ਰਿਹਾ, "ਡੈਡੀ ਜਰਮਨਾਂ ਨੇ ਏਨੀ ਚੰਗੀ ਕੁੜੀ ਨੂੰ ਕਿਉਂ ਮਾਰ ਦਿੱਤਾ ਸੀ? ਡੈਡੀ ਜਰਮਨ ਲੋਕ ਜ਼ਾਲਮ ਹੁੰਦੇ ਨੇ?" ਅਸੀਂ ਕਿਹਾ ਕਿ ਜਰਮਨ ਲੋਕ ਜ਼ਾਲਮ ਨਹੀਂ ਹਨ, ਇਹ ਤਾਂ ਇਕ ਸਿਆਸੀ ਤੇ ਨਸਲਵਾਦੀ ਚਾਲ ਸੀ ਤੇ ਹਿਟਲਰ ਦੀ ਨਫ਼ਰਤ ਦੀ ਪ੍ਰਦਰਸ਼ਨੀ ਸੀ। ਪਰ ਉਹ ਇਹ ਗੱਲਾਂ ਛੇਤੀ ਹੀ ਸਮਝ ਜਾਏਗਾ, ਕਿਉਂਕਿ ਉਹ ਜਿਸ ਦੇਸ਼ ਇੰਗਲੈਂਡ ਵਿਚ ਜੰਮਿਆਂ ਤੇ ਰਹਿ ਰਿਹਾ ਹੈ ਉਥੇ ਵੀ ਤਾਂ ਰੰਗਦਾਰ ਲੋਕਾਂ ਵਿਰੁੱਧ ਇਕ ਨਫ਼ਰਤ ਦੀ ਲਹਿਰ ਹੀ ਤਾਂ ਫੈਲਾਈ ਜਾ ਰਹੀ ਹੈ!

ਦੂਜੀ ਵੱਡੀ ਜੰਗ ਵੇਲੇ ਜਰਮਨੀ ਦੇ ਯਹੂਦੀ ਲੋਕਾਂ ਉਤੇ ਬੇਹੱਦ ਜ਼ੁਲਮ ਢਾਏ ਗਏ ਸਨ। ਉਨ੍ਹਾਂ ਨੂੰ ਗੈਸ ਚੈਂਬਰਾਂ ਵਿਚ ਵਿਚ ਜੀਉਂਦਿਆਂ ਸਾੜ ਦਿੱਤਾ ਗਿਆ ਸੀ, ਜਿਹੜੇ ਬਚ ਜਾਂਦੇ ਉਨ੍ਹਾਂ ਦੀ ਖ਼ੂਬ ਦੁਰਗਤ ਕੀਤੀ ਜਾਂਦੀ ਸੀ। ਹਿਟਲਰ ਜਰਮਨੀ ਨੂੰ ਯਹੂਦੀ ਲੋਕਾ ਤੋਂ ਮੁਕਤ ਕਰਨਾ ਚਾਹੁੰਦਾ ਸੀ। ਯਹੂਦੀ ਸਭ ਕੁਝ ਛਡ ਛਡਾ ਕੇ ਨਸ ਰਹੇ ਸਨ ਪਰ ਨਫ਼ਰਤ ਦੀ ਅੱਗ ਉਨ੍ਹਾਂ ਨੂੰ ਕਿਧਰੇ ਵੀ ਤਾਂ ਨਹੀਂ ਸੀ ਜਾਣ ਦਿੰਦੀ। ਹਾਲੈਂਡ ਨੇ ਬਹੁਤ ਸਾਰੇ ਜਰਮਨ ਯਹੂਦੀਆਂ ਨੂੰ ਪਨਾਹ ਦਿੱਤੀ ਸੀ, ਪਰ ਜਦੋਂ ਜਰਮਨੀ ਨੇ ਹਾਲੈਂਡ ਉਤੇ ਵੀ ਕਬਜ਼ਾ ਕਰ ਲਿਆ ਸੀ ਤਾਂ ਯਹੂਦੀ ਲੋਕਾਂ ਦੇ ਬਚਣ ਦਾ ਕੋਈ ਮੌਕਾ ਨਹੀਂ ਸੀ। ਐਨ ਫਰੈਂਕ, ਉਹਦੀ ਭੈਣ, ਮਾਂ ਪਿਉ ਅਤੇ ਚਾਰ ਹੋਰ ਦੋਸਤ ਐਨ ਦੇ ਪਿਉ ਦੇ ਬਿਜ਼ਨਸ ਪਾਰਟਨਰ ਦੇ ਘਰ, ਜਿਸ ਨੂੰ ਹੇਠਾਂ ਦਫ਼ਤਰ ਵਜੋਂ ਵਰਤਿਆ ਜਾਂਦਾ ਸੀ, ਵਿਚ ਛੁਪ ਗਏ ਤੇ ਦੋ ਵਰ੍ਹੇ ਛੁਪੇ ਰਹੇ। ਉਨ੍ਹਾਂ ਦੇ ਦੋਸਤ ਜਿਹੜੇ ਯਹੂਦੀ ਨਹੀਂ ਸਨ, ਉਨ੍ਹਾਂ ਨੂੰ ਖਾਣਾ ਦਾਣਾ ਅਪੜਾਉਂਦੇ ਰਹੇ। ਡਰ ਅਤੇ ਸਹਿਮ ਤੇ ਨਿਰਾਸਤਾ ਦੇ ਇਨ੍ਹਾਂ ਦਿਨਾਂ ਨੂੰ ਐਨ ਫ਼ਰੈਂਕ ਇਕ ਡਾਇਰੀ ਵਿਚ ਲਿਖਦੀ ਰਹੀ। ਅੰਤ ਜਦੋਂ ਉਹ ਫੜੇ ਗਏ ਤਾਂ ਇਹ ਡਾਇਰੀ ਕਿਸੇ ਤਰ੍ਹਾਂ ਜੰਗ ਖ਼ਤਮ ਹੋਣ ਤੋਂ ਬਾਅਦ ਇਕ ਮਿੱਤਰ ਦੇ ਹੱਥ ਆ ਗਈ। ਅੱਜ ਕਲ 263 ਅਤੇ 265 ਨੰਬਰ ਦੇ ਘਰ ਜਿਹੜੇ ਕਿ ਪ੍ਰਿੰਜ਼ਨਗਰੇਟ ਵਿਚ ਸਥਿਤ ਹਨ ਤੇ ਡੈਮ ਸੁਕੇਅਰ ਦੇ ਬਿਲਕੁਲ ਨੇੜੇ ਹਨ, ਐਨ ਫ਼ਰੈਂਕ ਫ਼ਾਊਂਡੇਸ਼ਨ ਦੀ ਰਖਵਾਲੀ ਹੇਠ ਹਨ। ਏਸ ਫ਼ਾਊਂਡੇਸ਼ਨ ਦਾ ਕੰਮ ਨਿਰਾ ਇਨ੍ਹਾਂ ਘਰਾਂ ਦੀ ਦੇਖ ਭਾਲ ਅਤੇ ਮੁਰੰਮਤ ਕਰਨਾ ਹੀ ਨਹੀਂ ਹੈ — ਇਹ ਦੂਜੀ ਵੱਡੀ ਜੰਗ ਦੇ ਅਤਿਆਚਾਰਾਂ ਨੂੰ ਯਾਦ ਦਿਲਾਉਣ ਦੇ ਨਾਲ ਨਾਲ ਸੈਲਾਨੀਆਂ ਨੂੰ ਅਜੋਕੇ ਯੁਗ ਵਿਚ ਹੋ ਰਹੇ ਵਿਤਕਰੇ, ਮਨੁੱਖ ਦੀਆਂ ਆਪਸੀ ਨਫ਼ਰਤਾਂ ਕਾਰਨ ਹੋ ਰਹੇ ਘਿਨਾਉਣੇ ਹਾਦਸੇ ਅਤੇ ਮਨੁੱਖੀ ਹੱਕਾਂ ਉਤੇ ਹੋ ਰਹੇ ਵਾਰਾਂ ਬਾਰੇ ਵੀ ਸੋਝੀ ਕਰਾਉਂਦੀ ਹੈ। ਫ਼ਾਊਂਡੇਸ਼ਨ ਦਾ ਇਹ ਲੱਕਸ਼ ਦਰਅਸਲ ਸੰਯੁਕਤ ਰਾਸ਼ਟਰ ਮਹਾਂ ਸਭਾ ਵਲੋਂ 10 ਦਸੰਬਰ 1948 ਨੂੰ ਐਲਾਨ ਕੀਤੇ "ਯੂਨੀਵਰਸਲ ਡੇਕਲੇਰੇਸ਼ਨ ਆਫ਼ ਹਿਊਮਨ ਰਾਈਟਸ" ਨੂੰ ਹੀ ਅੱਗੇ ਟੋਰਦਾ ਹੈ। ਏਸ ਐਨ ਫ਼ਰੈਂਕ ਫ਼ਾਊਂਡੇਸ਼ਨ ਦੇ ਯਹੂਦੀ, ਈਸਾਈ ਅਤੇ ਅਨੇਕਾਂ ਹੋਰਾਂ ਧਰਮਾਂ ਤੋਂ ਇਲਾਵਾ ਬਹੁਤ ਸਾਰੀਆਂ ਵੱਖ ਵੱਖ ਵਿਚਾਰਧਾਰਾ ਵਾਲੀਆਂ ਸਿਆਸੀ, ਪਾਰਟੀਆਂ ਅਤੇ ਸੰਸਥਾਵਾਂ ਦੇ ਮੈਂਬਰ ਵੀ ਹਨ ਤੇ ਇਸ ਨੂੰ ਦਿਲ ਖੋਲ੍ਹ ਕੇ ਚੰਦਾ ਦਿੰਦੇ ਹਨ। ਇਨ੍ਹਾਂ ਸਭਨਾਂ ਦਾ ਇਕੋ ਨਿਸ਼ਾਨਾ ਹੈ — ਮਨੁੱਖੀ ਹੱਕਾਂ ਦੇ ਲਈ ਜੂਝਣਾ ਅਤੇ ਫ਼ਾਸਿਜ਼ਮ ਦੇ ਖਿਲਾਫ਼ ਘੋਲ ਕਰਨਾ। ਅਸੀਂ ਸੈਲਾਨੀਆਂ ਵਾਲੇ ਰਜਿਸਟਰ ਵਿਚ ਹਿੰਦੀ, ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿਚ ਦਸਤਖ਼ਤ ਕੀਤੇ ਤਾਂ ਲਿਖਿਆ, "ਸ਼ਾਲਾ ਮਨੁੱਖ ਦਾ ਮਨੁੱਖੀ ਹੱਕਾਂ ਦੀ ਕਾਇਮੀ ਅਤੇ ਅਮਨ ਦੀ ਸਥਾਪਨਾ ਦਾ ਮਿਸ਼ਨ ਸਦਾ ਵਧੇ ਫੁੱਲੇ ਤੇ ਵਿਕਾਸ ਕਰੇ।" ਇਹ ਸ਼ਬਦ ਲਿਖਣ ਵਾਲੇ ਅਸੀਂ ਇਕੱਲੇ ਨਹੀਂ ਸਾਂ। ਲਫ਼ਜ਼ਾਂ ਦੀ ਤਰਤੀਬ ਤੋਂ ਸਿਵਾ ਸਾਰੇ ਰਜਿਸਟਰ ਦੀ ਆਵਾਜ਼ ਸਾਂਝੀ ਹੀ ਸੀ।

ਐਨ ਫ਼ਰੈਂਕ ਦੇ ਘਰ ਹੇਠਲੇ ਕ਼ਮਰੇ ਦੀਆਂ ਦੋ ਕੰਧਾਂ ਇੰਗਲੈਂਡ ਵਿਚਲੀ ਨਸਲਵਾਦੀ ਅਤੇ ਫ਼ਾਸਿਸਟ ਪਾਰਟੀ ਨੈਸ਼ਨਲ ਫ਼ਰੰਟ ਲਈ ਰਾਖਵੀਆਂ ਰੱਖੀਆਂ ਹੋਈਆਂ ਹਨ ਜਿਨ੍ਹਾਂ ਉਤੇ ਉਨ੍ਹਾਂ ਦੇ ਮੈਂਬਰਾਂ ਅਤੇ ਆਗੂਆਂ ਦੀਆਂ ਤਕਰੀਰਾਂ ਅਤੇ ਖ਼ਬਰਾਂ ਦੇ ਕਟਿੰਗਜ਼ ਅਤੇ ਤਸਵੀਰਾਂ ਚਿਪਕਾਈਆਂ ਹੋਈਆਂ ਹਨ। ਐਂਟੀ ਨਾਜ਼ੀ ਲੀਗ (ਲੰਡਨ) ਤੇ ਆਵਾਸੀ ਸੰਸਥਾਵਾਂ ਵਲੋਂ ਕੀਤੇ ਗਏ ਵਿਖਾਵਿਆਂ ਦੀਆਂ ਤਸਵੀਰਾਂ ਅਤੇ ਖ਼ਬਰਾਂ ਦੇ ਕਟਿੰਗਜ਼ ਵੀ ਹਨ। ਸਮੁੱਚੇ ਤੌਰ ਤੇ ਇਨ੍ਹਾਂ ਕੰਧਾਂ ਤੋਂ ਇਹ ਸੰਦੇਸ਼ ਮਿਲਦਾ ਹੈ ਕਿ ਹਿਟਲਰ ਵਲੋਂ ਢਾਏ ਗਏ ਜ਼ੁਲਮਾਂ ਦੇ ਬਾਵਜੂਦ ਹਾਲੀ ਵੀ ਇੰਗਲੈਂਡ ਵਿਚ ਫ਼ਾਸਿਸਟ ਅਤੇ ਨਾਜ਼ੀ ਪਾਰਟੀ ਨੂੰ ਪ੍ਰਫੁੱਲਤ ਹੋਣ ਦਾ ਮੌਕਾ ਦਿੱਤਾ ਜਾ ਰਿਹਾ ਹੈ। ਦੇਵਨੇਤ ਨਾਲ ਉਸ ਕਮਰੇ ਵਿਚ ਅਸੀਂ ਚਾਰ ਹੀ ਰੰਗਦਾਰ ਸਾਂ। ਸਾਨੂੰ ਲੱਗਾ ਜਿਵੇਂ ਸਭ ਸੈਲਾਨੀਆਂ ਦੀਆਂ ਅੱਖਾਂ ਬਸ ਸਾਡੇ ਉਤੇ ਹੀ ਕੇਂਦਰਤ ਸਨ। ਜਿਵੇਂ ਪ੍ਰਸ਼ਨ ਚਿੰਨ੍ਹ ਬਣਕੇ ਕਹਿ ਰਹੀਆਂ ਹੋਣ ਕਿ ਹੁਣ ਅਸੀਂ ਯਹੂਦੀਆਂ ਤੋਂ ਬਾਅਦ ਦੇ ਫ਼ਾਸ਼ੀ-ਨਿਸ਼ਾਨਾ ਹੋਵਾਂਗੇ? ਪਰ ਸਾਨੂੰ ਇਹ ਵੀ ਪਤਾ ਸੀ ਕਿ ਉਥੇ ਹਾਜ਼ਰ ਵੱਖ ਵੱਖ ਮੁਲਕਾਂ ਦੇ, ਪਰ ਲਗ ਭਗ ਸਭੋ ਹੀ ਚਿੱਟੇ ਲੋਕ ਸਾਡੇ ਨਾਲ ਸਨ।

ਹਾਲੈਂਡ ਦੀ ਆਬਾਦੀ ਕੇਵਲ 1 ਕਰੋੜ 35 ਲਖ ਹੈ। ਮਹਾਰਾਣੀ ਜੁਲੀਆਨਾ ਦੀ ਪੁਜ਼ੀਸ਼ਨ ਇੰਗਲੈਂਡ ਦੀ ਮਹਾਰਾਣੀ ਅਲਿਜ਼ਬੈਥ ਵਾਲੀ ਭਾਵ ਵਿਧਾਨਿਕ ਮੁੱਖੀ ਵਾਲੀ ਹੀ ਹੈ, ਪਰ ਉਹ ਆਪਣੀ ਕੈਬਿਨੈਟ ਦੀ ਪ੍ਰਧਾਨਗੀ ਕਰਦੀ ਹੈ। ਦੇਸ਼ ਦਾ

ਵਿਧਾਨ 1814 ਵਿਚ ਲਿਖਿਆ ਗਿਆ ਸੀ। ਮਹਾਰਾਣੀ ਜੁਲੀਆਨਾਂ ਤੋਂ ਬਾਅਦ ਉਹਦੀ ਧੀ ਸ਼ਹਿਜ਼ਾਦੀ ਬੀਟਰਿਕਸ ਗੱਦੀ ਉਤੇ ਬੈਠੇਗੀ। ਨੀਦਰਲੈਂਡਜ਼ ਦਾ ਰਕਬਾ 16 ਹਜ਼ਾਰ ਵਰਗ ਮੀਲ ਹੈ। ਡੱਚ ਤੇ ਫ਼ਰੀਜ਼ੀਅਨ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ। ਮੁਖ ਮਜ਼ਹਬ ਰੋਮਨ ਕੈਥੋਲਿਕ ਹੈ। ਸਿਆਸੀ ਪਾਰਟੀਆਂ ਕਈ ਹਨ, ਜਿਸ ਕਰਕੇ ਆਮ ਤੌਰ 'ਤੇ ਕੋਅਲੀਸ਼ਨ ਸਰਕਾਰਾਂ ਹੀ ਰਾਜ ਕਰਦੀਆਂ ਆ ਰਹੀਆਂ ਹਨ। ਮੁਢਲੇ ਇਤਿਹਾਸ ਵਿਚ ਦੇਸ਼ ਨੂੰ ਅਨੇਕਾਂ ਜੰਗਾਂ ਲੜਨੀਆਂ ਪਈਆਂ, ਕਿਉਂਕਿ ਪ੍ਰਮੁਖ ਬੰਦਰਗਾਹ ਹੋਣ ਕਾਰਨ ਹਰ ਕੋਈ ਇਹਨੂੰ ਹਥਿਆਉਣਾ ਚਾਹੁੰਦਾ ਸੀ, ਅੱਜ ਕਲ ਇਹ ਨੈਟੋ (ਨਾਰਥ ਐਟ-ਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ), ਈ. ਈ. ਸੀ (ਯੂਰਪ ਦੀ ਸਾਂਝੀ ਮੰਡੀ) ਅਤੇ ਯੂ. ਐਨ. ਓ ਦਾ ਮੈਂਬਰ ਹੈ। ਇਸ ਦੇ ਪੂਰਬ ਵਿਚ ਪੱਛਮੀ ਜਰਮਨੀ ਅਤੇ ਦੱਖਣ ਵਿਚ ਬੈਲਜੀਅਮ ਹੈ ਤੇ ਉੱਤਰੀ ਸਾਗਰ ਉਤੇ ਸਥਿੱਤ ਹੈ ਜਿਹੜਾ ਕਿ ਏਸ ਵੇਲੇ ਤੇਲ ਪੱਖੋਂ ਅਮੀਰ ਹੈ ਭਾਵੇਂ ਇੰਗਲੈਂਡ ਵਲ ਦੇ ਪਾਸੇ ਵਧੇਰੇ ਵਾਰੇ ਨਿਆਰੇ ਹੋਏ ਹਨ। ਰੋਟੱਰਡੈਮ ਵਿਚ ਬਹੁਤ ਵੱਡੀ ਤੇਲ ਰੀਫਾਈਨਰੀ ਹੈ। ਇਲੈਕਟਰੋਨਿਕਸ ਦੀ ਸਨਅੱਤ ਬਹੁਤ ਤਰੱਕੀ ਉਤੇ ਹੈ। ਭਵਿਖ ਵਿਚ ਇਹ ਦੇਸ਼ ਹੋਰ ਵੀ ਖ਼ੁਸ਼ਹਾਲ ਹੋਵੇਗਾ, ਕਿਉਂਕਿ ਡੱਚ ਲੋਕ ਬਹੁਤ ਮਿਹਨਤੀ ਵੀ ਹਨ ਤੇ ਦ੍ਰਿੜ੍ਹ ਇਰਾਦਿਆਂ ਵਾਲੇ ਵੀ।

ਇੰਗਲਿਸਤਾਨ ਵਿਚ ਅਸਾਂ ਸੁਣ ਅਤੇ ਪੜ੍ਹ ਰੱਖਿਆ ਸੀ ਕਿ ਭਾਰਤ ਅਤੇ ਪਾਕਿਸਤਾਨੋਂ ਗ਼ੈਰ-ਕਾਨੂੰਨੀ ਤੌਰ ਉਤੇ ਆਂਦੇ ਆਵਾਸੀ ਹਾਲੈਂਡ ਵਿਚ ਆ ਟਿਕਦੇ ਹਨ ਤੇ ਦਾਅ ਲੱਗਣ ਉਤੇ ਇੰਗਲੈਂਡ ਦੇ ਸਮੁੰਦਰੀ ਤੱਟ ਉਤੇ ਆ ਉਤਰਦੇ ਹਨ। ਪਰ ਸਾਨੂੰ ਉਥੇ ਬਹੁਤ ਹੀ ਘੱਟ ਏਸ਼ੀਆਈ ਲੋਕ ਵਿਖਾਈ ਦਿੱਤੇ। ਕੁਝ ਇਕ ਨਾਲ ਗੱਲਬਾਤ ਕਰਨ ਉਤੇ ਪਤਾ ਲੱਗਾ ਕਿ ਅੱਜਕਲ ਗ਼ੈਰ ਕਾਨੂੰਨੀ ਆਵਾਸੀਆਂ ਵਾਲਾ ਧੰਦਾ ਲਲਭਗ ਖ਼ਤਮ ਹੀ ਹੈ, ਕਿਉਂਕਿ ਡੱਚ, ਜਰਮਨ ਤੇ ਅੰਗਰੇਜ਼ੀ ਪੁਲਸ ਨੇ ਇਕੱਠੇ ਹੋ ਕੇ ਇਸ ਧੰਦੇ ਨੂੰ ਠਲ੍ਹ ਪਾਈ ਹੈ।

ਇਕ ਦਿਨ ਐਮਸਟਰਡੈਮ ਵਿਚ ਫਿਰਦੇ ਫਿਰਾਂਦੇ ਅਸੀਂ ਇਕ ਮੰਦਰ ਵਿਚ ਗਏ। ਅੰਦਰ ਬੈਠੇ ਲੋਕੀਂ ਗੀਆਨਾ ਅਤੇ ਸੂਰੀਨਾਮ (ਡੱਚ ਕਲੋਨੀ) ਤੋਂ ਸਨ। ਉਨ੍ਹਾਂ ਨੇ ਹਨੂਮਾਨ, ਰਾਮ, ਲਛਮਣ ਤੇ ਸੀਤਾ ਤੋਂ ਲੈ ਕੇ ਮਹਾਤਮਾ ਗਾਂਧੀ ਅਤੇ ਨਹਿਰੂ ਤੀਕ ਦੀਆਂ ਤਸਵੀਰਾਂ ਮੰਦਰ ਦੀਆਂ ਕੰਧਾਂ ਉਤੇ ਲਟਕਾਈਆਂ ਹੋਈਆਂ ਸਨ। ਮੈਂ ਮੰਦਰ ਦੇ ਇਕ ਪ੍ਰਤੀਨਿਧ ਨੂੰ ਪੁਛਿਆ, 'ਰਾਮ, ਲਛਮਣ ਤੇ ਹਨੂਮਾਨ ਤਾਂ ਹੋਏ, ਪਰ ਇਹ ਨਹਿਰੂ ਤੇ ਗਾਂਧੀ ਦੀਆਂ ਤਸਵੀਰਾਂ ਭਲਾ ਇਨ੍ਹਾਂ ਦੇ ਨਾਲ ਕਿਉਂ ਲਟਕਾਈਆਂ ਹੋਈਆਂ ਹਨ? ਉਹ ਤਾਂ ਸਿਆਸੀ ਬੰਦੇ ਸਨ। ਖਾਸ ਕਰਕੇ ਨਹਿਰੂ ਜੀ ਤਾਂ ਬਿਲਕੁਲ ਹੀ ਧਾਰਮਕ ਬੰਦੇ ਨਹੀਂ ਸਨ।" ਉਸ ਦਾ ਉਤਰ ਸੀ, "ਸਾਡੇ 'ਚੋਂ ਕਿਸੇ ਨੇ ਕਦੇ ਭਾਰਤ ਨਹੀਂ ਵੇਖਿਆ ਸਾਡੇ ਵੱਡੇ ਵਡੇਰੇ ਕੇਰਲਾ ਸਟੇਟ 'ਚੋਂ ਸਊਥ ਅਮੈਰਿਕਾ ਚਲੇ ਗਏ ਸਨ। ਉਨ੍ਹਾਂ ਸਾਨੂੰ ਹਮੇਸ਼ਾਂ ਹੀ ਆਪਣੇ ਧਰਮ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿਤੀ। ਅਸੀਂ ਸੋਚਦੇ ਹਾਂ ਕਿ ਜੇਕਰ ਭਾਰਤ ਅੱਜ ਅਜ਼ਾਦ ਹੈ ਤੇ ਬਰਕਰਾਰ ਹੈ ਤਾਂ ਇਹ ਨਹਿਰੂ ਅਤੇ ਗਾਂਧੀ ਦੀਆਂ ਘਾਲਣਾਵਾਂ ਸਦਕਾ ਹੀ ਹੈ। ਸੋ ਅਸੀਂ ਇਨ੍ਹਾਂ ਨੂੰ ਵੀ ਮੰਦਰ ਵਿਚ ਆਦਰਯੋਗ ਥਾਂ ਦਿਤੀ ਹੋਈ ਹੈ।"

ਹਾਲੈਂਡ ਹਰੇ ਕ੍ਰਿਸ਼ਨਾ ਮਿਸ਼ਨ ਤੇ ਅਨੇਕਾਂ ਹੋਰ ਟਰਾਂਸੈਂਡੈਂਟਲ ਕੇਂਦਰਾਂ ਦਾ ਪ੍ਰਮੁਖ ਥਾਂ ਹੈ। ਐਮਸਟਰਡੈਮ ਦੀਆ ਗਲੀਆਂ ਵਿਚ ਢੋਲਕੀਆਂ ਛੈਣਿਆਂ ਨਾਲ 'ਹਰੇ ਕ੍ਰਿਸ਼ਨਾ, ਹਰੇ ਰਾਮਾ" ਗਾਉਂਦੇ ਭਗਵੇਂ ਕਪੜਿਆਂ ਵਾਲੇ ਪੱਛਮੀ ਮੁੰਡਿਆਂ ਕੁੜੀਆਂ ਦੇ ਗਰੋਹ ਅਕਸਰ ਵੇਖੇ ਜਾ ਸਕਦੇ ਹਨ। ਇਸ ਤਰ੍ਹਾਂ ਦੇ ਗਰੋਹ ਅਸਾਂ ਪੱਛਮੀ ਬਰਲਿਨ ਵਿਚ ਵੀ ਵੇਖੇ ਸਨ। ਪਦਾਰਥਕ ਪ੍ਰਗਤੀ ਪੱਛਮੀ ਲੋਕਾਂ ਦੀ ਆਤਮਕ ਤ੍ਰਿਪਤੀ ਅਤੇ ਮਨ ਦਾ ਚੈਨ ਮੁਹੱਈਆ ਕਰਨ ਵਿਚ ਅਸਮਰਥ ਰਹੀ ਹੈ। ਸਿਟੇ ਵਜੋਂ ਸੁਸਾਇਟੀ ਦਾ ਕੁਝ ਹਿੱਸਾ ਹਿੰਦੁਸਤਾਨ ਦੀਆਂ ਅਨੇਕਾਂ ਧਾਰਮਕ ਲਹਿਰਾਂ ਵਿਚ ਸੰਮਿਲਤ ਹੋਣ ਦਾ ਯਤਨ ਕਰਦਾ ਹੈ। ਯੂਰਪ ਅਮਰੀਕਾ ਅਤੇ ਕੈਨੇਡਾ ਵਿਚ ਧੜਾ ਧੜ ਯੋਗੀਆਂ ਅਤੇ ਸਵਾਮੀਆਂ ਦੇ ਕੇਂਦਰ ਖੁਲ੍ਹ ਰਹੇ ਹਨ। ਕਈ ਅਸਲੀ ਪਰ ਬਹੁਤੇ ਨਕਲੀ ਯੋਗੀ ਆਪਣੇ ਚੇਲੇ ਚੇਲੀਆਂ ਦੇ ਸਿਰ ਉਤੇ ਵਾਹਵਾ ਅਮੀਰ ਜ਼ਿੰਦਗੀ ਗੁਜ਼ਾਰ ਰਹੇ ਹਨ।

ਕਿਸੇ ਵੀ ਦੇਸ਼ ਅਤੇ ਉਥੋਂ ਦੇ ਲੋਕਾਂ ਦਾ ਜ਼ਿਕਰ ਇਕ ਨਿੱਕੇ ਜਿਹੇ ਲੇਖ ਵਿਚ ਪੂਰਾ ਨਹੀਂ ਹੋ ਸਕਦਾ। ਸਾਡਾ ਨਿੱਕਾ ਜਿਹਾ ਇਹ ਸਫ਼ਰ ਹਾਲੈਂਡ ਅਤੇ ਉਥੋਂ ਦੇ ਖ਼ੂਬਸੂਰਤ ਲੋਕਾਂ ਉਤੇ ਇਕ ਪੰਛੀ-ਝਾਤ ਹੀ ਪਾ ਸਕਿਆ ਹੈ ਤੇ ਏਸ ਪੰਛੀ-ਝਾਤ ਨੂੰ ਮੈਂ ਤੁਹਾਡੇ ਨਾਲ ਸਾਂਝਿਆਂ ਕਰਨ ਦਾ ਯਤਨ ਕੀਤਾ ਹੈ।

o o o


ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING

BHARTI ART JEWELLERS

*Specialist in East Indian Jewelry Craftware*

RASIK PAREKH
Res.:.879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj


ਸਫ਼ਾ 32 [illegible]

ਹੋਵੇ ..... ਕਿੰਨੀ ਚੰਗੀ ਏ ਵਿਚਾਰੀ ... ਮਾਂ ਜਹੀ ......।

'ਮਾਂ'... ਉਸ ਦੇ ਅੰਦਰ ਇਕ ਹੂਕ ਉੱਠੀ ..... ਅੱਖਾਂ ਅਗੇ ਧੂੰਆਂ ਜਿਹਾ ਆ ਗਿਆ। ਅੱਜ ਮਾਂ ਕਿਉਂ ਯਾਦ ਆਉਂਦੀ ਏ ..... ਅਗੇ ਤੇ ਕਦੀ ਨਹੀਂ ਯਾਦ ਆਈ ..... ਮੈਨੂੰ ਤੇ ਇਹ ਭੀ ਪਤਾ ਨਹੀਂ ਕਿ ਉਹ ਕੌਣ ਏ ...... ਕਿਸ ਤਰ੍ਹਾਂ ਦੀ ਏ ......। ਹਾਂ..... ਜ਼ਰੂਰ ਇਸ ਤਰ੍ਹਾਂ ਦੀ ਹੋਵੇਗੀ......... ਜਿਸ ਤਰ੍ਹਾਂ ਦੀ ਇਹ ਜ਼ਨਾਨੀ ਏ।

ਹਾਂ ... ਮਾਂ ਇਸੇ ਤਰ੍ਹਾਂ ਦੀ ਹੁੰਦੀ ਏ .....ਠੰਡੀ......ਮਿੱਠੀ ..... ਪਿਆਰੀ .. ...ਜਿਸ ਦੇ ਕੋਲ ਬੈਠਣ ਨੂੰ ਜੀਅ ਕਰਦਾ ਹੋਵੇ........ ਤੇ ਜਿਸ ਦੀ ਹਿੱਕ ਨਾਲ ਲਗ ਰੋਣ ਨੂੰ ਦਿਲ ਕਰਦਾ ਹੋਵੇ... . ਤੇ .....ਤੇ .. ਉਹ ਆਪਣੇ ਨਿੱਘੇ ਨਿੱਘੇ ਹੱਥਾਂ ਨਾਲ ਸਿਰ ਪਲੋਸਦੀ ਰਵੇ...... ਉਫ਼...। ......ਮਾਂ .... ਉਸਦੇ ਮੂੰਹੋਂ ਉੱਚੀ ਦੇਣੀ ਨਿਕਲ ਗਿਆ। ਅੱਖਾਂ ਦੇ ਪਾਣੀ ਦੇ ਤੁਪਕੇ ਉਸਦੇ ਗਲਾਸ ਵਿਚ ਮਿਲ ਗਏ। ਉਸ ਜ਼ਨਾਨੀ ਦੀ ਜਿਵੇਂ ਤ੍ਰਾਹ ਨਿਕਲ ਚਲੀ ਹੋਵੇ। ਉਸ ਨੇ ਝੁਰੜੀਆਂ ਵਾਲੇ ਕੰਬਦੇ ਹੱਥਾਂ ਨਾਲ ਸਰੂਪ ਨੂੰ ਹਿੱਕ ਨਾਲ ਲਾ ਲਿਆ ਜਿਵੇਂ ਉਸ ਦਾ ਗੁਆਚਾ ਪੁੱਤਰ ਉਸ ਨੂੰ ਮਿਲ ਗਿਆ ਹੋਵੇ ......।

o o o o

## ਲਾਚਾਰੀ

ਕਿਰਪਾਲ ਸਿੰਘ ਪੂਨੀ

ਰੋਜ ਸਵੇਰੇ ਭਲਕੇ ਵਾਂਗੂੰ, ਮੈਂ ਦੁਨੀਆਂ ਦੀ ਮੰਡੀ ਜਾਵਾਂ
ਆਪਣੀ ਉਮਰ 'ਚੋਂ ਇਕ ਦਿਨ ਕਢ ਕੇ
ਤਗੜੇ ਸ਼ਾਹੂਕਾਰ ਦੀ ਹੱਟੀ
ਲਗਦੇ ਭਾਅ, ਨਿੱਤ ਵੇਚ ਕੇ ਆਵਾਂ ।
ਮੈਂ ਦੁਨੀਆਂ ਦੀ ਮੰਡੀ ਜਾਵਾਂ ।
ਪਲ ਪਲ ਹੋ ਕੇ ਦਿਨ ਬਣ ਜਾਂਦਾ
ਦੁਨੀਆਂ ਦੀ ਇਸ ਰੇਤ ਘੜੀ 'ਚੋਂ
ਪੋਨੀਆਂ ਬਣ ਬਣ ਗਈ ਜਵਾਨੀ
ਆਪਣੇ ਜਜ਼ਬਾਤਾਂ ਨੂੰ ਘੁਟ ਘੁਟ
ਦਿਲ ਦੇ ਬੰਦ ਕਮਰੇ ਡੱਕ ਰਖਿਆ
ਅਤੇ ਹੋਠਾਂ ਨੂੰ ਜੰਦਰੇ ਮਾਰੇ ।

ਕਦੇ ਕਦੇ ਇਕੱਲਤਾ ਅੰਦਰ
ਅੱਧੀ ਰਾਤ ਨੂੰ ਜਦ ਅੱਖ ਖੁਲ੍ਹਦੀ
ਸਮੇਂ ਅਤੇ ਖੱਲਾਅ ਚੱਕਰ ਵਿਚ
ਫਸੀ ਹੋਈ ਇਹ ਜਿੰਦ ਵਿਚਾਰੀ
ਅੰਬਰ ਲਟਕੇ ਪੱਥਰਾਂ ਵਰਗੀ
ਮਾਮੂਲੀ ਜਹੀ ਹਸਤੀ ਦਾ
ਬੇਹੂਦਾ ਜਿਹੀ ਭਟਕਣ ਦਾ
ਰਹਿ ਰਹਿ ਕੇ ਅਹਿਸਾਸ ਹੋਂਵਦਾ ।

ਵਕਤ ਦਿਆਂ ਪਹੀਆਂ ਵਿਚ ਫਸਿਆ
ਦੁਨੀਆਂ ਦੀ ਮੰਡੀ ਦਾ ਪੁਰਜ਼ਾ ।
ਕੱਲ੍ਹ ਨੂੰ ਉਸਦਾ ਮੰਡੀ ਵਿਚ, ਫਿਰ ਮੁਲ ਪਵੇਗਾ
ਇਕ ਦਿਨ ਉਸਦੀ ਆਯੂ ਵਿਚੋਂ, ਨਿਕਲ ਜਾਏਗਾ
ਇਸੇ ਗੱਲ ਨੂੰ ਸੋਚਦਿਆਂ ਕੁਝ ਕੋਮਲ ਜਜ਼ਬੇ
ਦਿਲ ਤੋਂ ਉਠਕੇ ਹੋਠਾਂ ਉਤੇ ਆ ਰੁਕਦੇ ਨੇ
ਗਲ ਭਰਦਾ, ਦਿਲ ਦਾ ਰੁੱਗ ਭਰਦਾ
ਕਦੇ ਕਦੇ ਨੈਣਾਂ 'ਚੋਂ ਸਿੰਮਦੇ, ਇਕ ਦੋ ਨਿੱਘੇ ਨਿੱਘੇ ਅੱਥਰੂ ।
ਮੇਰੀ ਲਾਚਾਰੀ ਦਾ ਹੱਕ ਨਹੀਂ !

ਰੋਜ਼ ਸਵੇਰੇ ਭਲਕੇ ਵਾਂਗੂੰ, ਮੈਂ ਦੁਨੀਆਂ ਦੀ ਮੰਡੀ ਜਾਵਾਂ ।

## ਰੰਗ

ਮਹਿੰਦਰ ਗਿੱਲ

ਇਕ ਰੰਗ ਤਨ ਦੀ ਚਾਦਰ ਤਾਂਈ
ਆਦਿ ਸਮੇਂ ਰੰਗਵਾਇਆ ।
ਇਕ ਰੰਗ ਨਚਦਾ ਨੈਣੀਂ ਤੱਕ ਕੇ
ਚਾਨਣ ਵੀ ਚੁੰਧਿਆਇਆ ।
ਇਕ ਰੰਗ ਸੁਚੇ ਸੁਪਨੇ ਵਰਗਾ
ਆਂਦਰੀਆਂ ਨੇ ਜਾਇਆ ।
ਇਕ ਰੰਗ ਮਰ ਗਏ ਪੁਰਖੜਿਆਂ ਤੋਂ
ਪਲੜੇ ਪੀੜ ਲਿਆਇਆ ।
ਇਕ ਮੇਰੀ ਰੂਹ ਨੂੰ ਰੱਤੜੇ ਲਾਣੇ
ਰੋਹ ਦਾ ਰੰਗ ਚੜ੍ਹਾਇਆ ।
ਇਕ ਰਗਾਂ ਵਿਚ ਰੰਗ ਦਰਿਆ ਨੇ
ਸੁਭਾ ਨੂੰ ਸ਼ਰਮਾਇਆ ।
ਇਕ ਰੰਗ ਰਾਤ ਕਲੋਟੀ ਕੋਲੋਂ
ਮਨ ਦੇ ਚੋਰ ਚੁਰਾਇਆ ।
ਇਕ ਰੰਗੋਂ ਨੂਰੋਂ, ਇਕ ਰੰਗ ਨੀਰੋਂ
ਇਕ ਪੌਣਾਂ ਤੋਂ ਪਾਇਆ ।
ਇਕ ਰੰਗ ਦੇਵੀ ਪਵਿਰਤੀ ਦੀ
ਪਾ ਦੁਧੀਂ ਪਿਲਵਾਇਆ ।
ਇਕ ਰੰਗ ਸੂਰਜ ਸ਼ਿੜਾਂ ਵਾਲਾ
ਮਸਤਕ ਨੂੰ ਰੁਸ਼ਨਾਇਆ ।
ਇਕ ਨਿਰਮਲ ਰੰਗ ਅੰਬਰੋਂ ਲੱਥਾ
ਸੇਜੜੀਏਂ ਬਿਠਲਾਇਆ ।
ਇਕ ਰੰਗ ਮੈਲਾ ਧਰਤੀ ਵਰਗਾ
ਹੰਝੂਆਂ ਨਾਲ ਧੁਆਇਆ ।
ਇਕੋ ਅਸਲੀ ਰੰਗ ਮਜੀਠੀ
ਆਦਿ ਜੁਗਾਦੋਂ ਆਇਆ ।
ਕਿਹੜਾ ਰੰਗ ਕਹਾਂ ਆਪਣਾ
ਮੈਂ ਸੌ ਰੰਗਾਂ ਦਾ ਜਾਇਆ ।

## ਰੁਬਾਈਆਂ

ਪ੍ਰਕਾਸ਼ ਜੱਜ

ਛੇੜ ਲਈ ਗਲ ਦਿਲ ਨੇ ਪਿਓ ਦੇ ਪਿਆਰਾਂ ਦੀ,
ਉਸਦੇ ਲਾਡ - ਲਡਾਏ ਅਤੇ ਮਲਾਰਾਂ ਦੀ,
ਤੇਰੀ ਰੂਹ ਬਿਨ ਬਾਬਲ ਵੇਹੜਾ ਸੁੰਨਾ ਵੇ,
ਕੌਣ ਲਿਆਕੇ ਦੇਵੇ ਰੁਤ ਬਹਾਰਾਂ ਦੀ ?

ਚੰਗਾ ਹੋਇਆ ਤੈਨੂੰ ਅਸਾਂ ਅਜ਼ਮਾਲਿਆ,
ਆਪ ਹੀ ਸੱਧਰਾਂ ਤੇ ਕੱਫ਼ਨ ਪਾ ਲਿਆ ।
ਔਖਾ ਹੈ ਇਸ ਥਾਂ ਤੋਂ ਜਾਣਾ ਪਰਤ ਕੇ,
ਹਾਣੀ ਦੇ ਜਦ ਜੀਵਨ ਲੇਖੇ ਲਾ ਲਿਆ ।

ਮੈਂ ਬਾਗ਼ੀ ਮੈਂ ਬਾਗ਼ੀ ਲੋਕੋ,
ਆਪਣੇ ਅਤੇ ਬਿਗਾਨੇ ਤੋਂ ।

ਜੀਵਨ ਦਰਦ ਤੋਂ ਸੱਖਣਾ ਜੋ,
ਉਸ ਝੂਠੇ ਅਫ਼ਸਾਨੇ ਤੋਂ ।

ਬਿਰਹੋਂ ਭਿੱਜੇ ਗੀਤ ਤਾਂ ਬੁਲਬੁਲ,
ਰੋਜ਼ ਹੀ ਵੀਰੋ ਗਾਉਂਦੀ ਹੈ ।

ਪਰ ਜੱਗ ਚੰਦਰਾ ਕਦਰ ਨਾ ਪਾਵੇ,
ਮੈਂ ਬਾਗ਼ੀ ਉਸ ਜ਼ਮਾਨੇ ਤੋਂ ।

# ਲੋਕ

- ਸਰਵਣ ਸਿੰਘ ਅਮੋਲਕ / ਲੰਡਨ

ਦੁੱਖ ਭੁੱਖ ਦੇ ਮਾਰੇ ਲੋਕ।
ਲੱਭਦੇ ਫਿਰਨ ਸਹਾਰੇ ਲੋਕ।
ਤੰਗ ਗਲੀਆਂ, ਤੰਗੀਆਂ ਰੀਤਾਂ,
ਕਿਦਾਂ ਕਰਨ ਗੁਜ਼ਾਰੇ ਲੋਕ।
ਆਗੂ ਅੱਗ ਤੋਂ ਡਰਦੇ ਸਹਿਮੇ,
ਖ਼ਾਕ ਨੂੰ ਫਿਰਨ ਅੰਗਿਆਰੇ ਲੋਕ।
ਸੀਸ ਕਿਸੇ ਨੇ ਸੱਚ ਦੀ ਮੰਗਿਆ,
ਭਰਦੇ ਰਹੇ ਹੁੰਗਾਰੇ ਲੋਕ।
ਸਿਦਕੀ, ਸੂਰੇ, ਬਚਨ ਦੇ ਪੂਰੇ,
ਸਹਿਣ ਸਿਤਮਾਂ ਤੇ ਆਰੇ ਲੋਕ।
ਨਫ਼ੇ ਦਾ ਸੌਦਾ ਲੀਡਰ ਕਰਦੇ,
ਸੂਲੀ ਜਾਣ ਪਸਾਰੇ ਲੋਕ।
ਚੋਰ, ਉਚੱਕੇ, ਬਣੇ ਚੌਧਰੀ,
ਲਗਣ ਕਿਵੇਂ ਵਿਚਾਰੇ ਲੋਕ।
ਜਿਉਂ ਜਿਉਂ ਵਧੇ ਗਰੀਬੀ ਰੋਗ ਤੇ
ਤਿਉਂ ਤਿਉਂ ਕਰਨ ਤਿਆਰੇ ਲੋਕ।
ਕੁੱਝ ਖ਼ੁਦਗਰਜ਼ਾਂ ਅਰਥਾਂ ਅੰਦਰ
ਦੇਖੋ ਕਿਵੇਂ ਖਿਲਾਰੇ ਲੋਕ।
ਦਰਦੀ ਕੌਣ ਤੇ ਵੈਰੀ ਕਿਹੜਾ?
ਤਾੜਨ ਸੁੱਟ ਇਸ਼ਾਰੇ ਲੋਕ।
ਚਾਨਣ ਦੀ ਚੁਟਕੀ ਦੇ ਚਾਹਵਕ,
ਭੌਂਦੇ ਦੁਆਰੇ ਦੁਆਰੇ ਲੋਕ।
'ਅਮੋਲਕ' ਨ੍ਹੇਰ ਨੂੰ ਚੀਰੀ ਜਾਂਦੇ
ਲੀਕਾਂ ਨਾਲ ਸ਼ਿੰਗਾਰੇ ਲੋਕ।

o o o

# "ਕੱਲ ਦੀ ਗੱਲ"

ਬਲਬੀਰ ਕੌਰ ਸੰਘੇੜਾ

ਇਕ ਕੱਲ ਦੀ ਗੱਲ
ਕਰਨ ਨੂੰ ਜੀਅ ਕਰਦਾ,
ਜੋ ਬੀਤ ਗਈ
ਉਸਦਾ ਪੱਲਾ ਫੜਨ ਨੂੰ ਜੀਅ ਕਰਦਾ।
ਆ! ਤੇਰਾ ਖਿਆਲ
ਤੇ - ਮੈਂ
ਦੋਵੇਂ ਰਲ ਮਿਲ ਬੈਠੀਏ
ਤੇਰੀ ਤੇ ਮੇਰੀ -
ਇਕ ਸਾਂਝੀ ਗੱਲ ਕਰੀਏ।
ਇਕ ਉਸ ਖਿਆਲ ਵਿਚ
ਤੂੰ ਹੋਵੇਂ - ਤੇ
ਇਕ ਉਸ ਗੱਲ ਵਿਚ
ਮੈਂ ਹੋਵਾਂ —।
ਉਸ ਖਿਆਲ ਦੀ,
ਇਕ ਸਾਂਝੀ ਜਿਹੀ
ਆਪਣੀ ਦੁਨੀਆਂ ਹੋਵੇ
ਉਸ ਖਿਆਲ 'ਚ ਰਲ ਮਿਲੀਏ
ਨਾ ਤੂੰ ਦੇਖੇਂ
ਤੇ - ਨਾ ਮੈਂ ਦੇਖਾਂ —।
ਗੱਲ ਕੱਲ ਦੀ ਹੀ ਹੋਵੇ
ਅੱਜ ਖੁਲ੍ਹ ਖੁਲ੍ਹ ਦੁਹਰਾਈਏ
ਹੱਸੀਏ - ਕਦੀ ਰੋਈਏ,
ਖਿੱਲੀ ਪਾਈਏ,
ਨਾਂ ਤੂੰ ਜਾਵੇਂ
ਨਾ ਮੈਂ ਜਾਵਾਂ
ਪਰ!
ਇਕ ਗੱਲ ਉਹੋ ਹੀ
ਜੋ! ਕੱਲ ਦੀ ਹੋਵੇ,
ਤੇਰੀ ਮੇਰੀ ਸਾਂਝੀ ਜਿਹੀ -॥

o o o


**YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!**

Bus.: 859-7636
Res.: 853-8783

Gurpiar Romana

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਬਦਲ ਵੇਚਣ ਲਈ

ਗੁਰਪਿਆਰ ਰੋਮਾਣਾ

ਨੂੰ ਸੇਵਾ ਦਾ ਮੌਕਾ ਦਿਓ।



wall & redekop realty

105/33119 South Fraserway, Abbotsford V2S 2B1

**VICON MEDIC PHARMACY**

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ੍ਹ ਗਿਆ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਾਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਦੇਖੋ।

**TEL: 324-3177**

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

**6407 MAIN ST. VANCOUVER, B.C.**

# ਬੰਦ ਜਜ਼ਬਾਤ

ਬਲਬੀਰ ਕੌਰ ਸੰਘੇੜਾ

ਸਰੂਪ ਦੀ ਜ਼ਿੰਦਗੀ ਇਕ ਪੱਤਝੜ ਦੇ ਰੁੱਖ ਵਾਂਗੂੰ ਸੀ। ਫ਼ਰਕ ਸਿਰਫ ਇੰਨਾ ਸੀ ਕਿ ਰੁੱਖ ਤੇ ਰੁੱਤ ਦੇ ਮੁਤਾਬਕ ਕਦੀ ਨਾ ਕਦੀ ਬਹਾਰ ਆ ਜਾਂਦੀ ਸੀ ਤੇ ਉਹ ਕੁਦਰਤ ਦੀ ਖੁੱਲ੍ਹੀ ਹਵਾ ਵਿਚ ਅਪਣਾ ਆਪ ਹਿਲੂਣਦਾ ਸੀ ਤੇ ਆਪਣੀ ਜਵਾਨੀ ਮਾਣਦਾ। ਜਦੋਂ ਉਸ ਕੋਲੋਂ ਆਪਣੀ ਜਵਾਨੀ ਦਾ ਖੇੜਾ ਸਾਂਭਿਆ ਨਾ ਜਾਂਦਾ ਤਾਂ ਉਹ ਝੂਲ੍ਹ ਝੂਲ੍ਹ ਪੈਂਦਾ। ਪਰ ! ਸਰੂਪ ਲਈ ਜੰਮਣ ਤੋਂ ਲੈ ਕੇ ਉਸ ਦੀ ਹੁਣ ਚਲ ਰਹੀ ਜ਼ਿੰਦਗੀ ਤਕ ਸਿਰਫ ਪੱਤਝੜ ਹੀ ਰਹੀ। ਉਸਨੇ ਬਚਪਨ ਨਹੀਂ ਮਾਣਿਆ ਉਸ ਤੇ ਜੁਆਨੀ ਦਾ ਕਹਿਰ ਨਹੀਂ ਉਛਲਿਆ.. ਉਸ ਤੇ ਖੁਸ਼ੀਆਂ ਦਾ ਖੇੜਾ ਨਹੀਂ ਆਇਆ।

ਉਸ ਦੇ ਦਿਲ ਦੇ ਦੀਵੇ ਬੁੱਝੇ ਹੋਏ ਸਨ। ਉਂਜ ਤਾਂ ਉਹ ਕਦੀ ਜਾਗੇ ਹੀ ਨਹੀਂ ਸਨ ਪਰ ਫੇਰ ਭੀ ਸਰੂਪ ਬੁੱਝੀ ਹੋਈ ਧੂਣੀ 'ਚੋਂ ਕੋਈ ਨਾ ਕੋਈ ਚਿੰਗਾਰੀ ਦੀ ਭਾਲ ਵਿਚ ਰਹਿੰਦਾ ਹੀ ਸੀ।

ਚਿੰਗਾਰੀ ਜਿਹੜੀ ਭੜਕ ਪਵੇ ਤਾਂ ਆਲਾ ਦੁਆਲਾ ਆਪਣੇ ਆਪ ਵਿਚ ਸਮਾ ਲੈਂਦੀ ਹੈ .. ਉਸ ਨੂੰ ਉਸ ਦੀ ਅਕਸਰ ਤਲਾਸ਼ ਸੀ। ਬੁਝਿਆ ਤੇ ਉਹ ਖੁਦ ਪਿਆ ਸੀ। ਪਰ ਫੇਰ ਭੀ ਉਹ ਉਸ ਨਾਲ ਮਿਲ ਕੇ ਉਸ ਵਿਚ ਸਮਾ ਜਾਣਾ ਚਾਹੁੰਦਾ ਸੀ।

ਸਰੂਪ ਬੇ-ਦਿਲ ਜਿਹਾ ਇਨਸਾਨ ਜਾਂ ਬਹੁਤ ਹੀ ਵੱਡੇ ਦਿਲ ਵਾਲਾ ਇਨਸਾਨ, ਕੁਝ ਭੀ ਕਹਿ ਲਓ... ਇਸ ਦੁਨੀਆਂ ਦੇ ਜੰਗਲ ਵਿਚ ਇਕੱਲਾ ਸੀ। ਉਹ ਸਾਰਾ ਦਿਨ ਇਕ ਚਾਹ ਦੀ ਦੁਕਾਨ ਤੇ ਕੰਮ ਕਰਦਾ ਰਹਿੰਦਾ ਤੇ ਰਾਤ ਨੂੰ ਚੁਪ ਚੁਪੀਤਾ ਆਪਣੀ ਟੁੱਟੀ ਮੰਜੀ ਤੇ ਆ ਡਿਗਦਾ। ਬੱਸ ਇਹੋ ਹੀ ਸੀ ਉਸਦੀ ਦੁਨੀਆਂ।

ਉਸ ਦੇ ਘਰ ਕਦੀ ਕੋਈ ਮਹਿਮਾਨ ਨਹੀਂ ਸੀ ਆਇਆ ਤੇ ਉਹ ਕਦੀ ਕਿਸੇ ਦੇ ਘਰ ਨਹੀਂ ਸੀ ਗਿਆ। ਉਸਦਾ ਆਪਣਾ ਕੋਈ ਪ੍ਰੀਵਾਰ ਨਹੀਂ ਸੀ। ਉਸ ਨੇ ਮਾਂ ਨਹੀਂ ਵੇਖੀ... ... ਉਸਨੇ ਆਪਣਾ ਬਾਪ ਨਹੀਂ ਵੇਖਿਆ। ਵੇਖਣਾ ਤਾਂ ਇਕ ਪਾਸੇ, ਉਸ ਨੇ ਤਾਂ ਉਨ੍ਹਾਂ ਦੇ ਨਾਂ ਤਕ ਨਹੀਂ ਸੁਣੇ। ਉਸ ਨੂੰ ਜਦੋਂ ਦੀ ਸੁਰਤ ਆਈ ਹੈ, ਉਹ ਇਸੇ ਚਾਹ ਵਾਲੇ ਨਾਲ ਕੰਮ ਕਰ ਰਿਹਾ ਹੈ। ਉਹ ਇਥੇ ਆਇਆ ਕਿਵੇਂ... ... ਕਦੀ ਕਿਸੇ ਨੇ ਉਸ ਨੂੰ ਦਸਿਆ ਨਹੀਂ।

ਉਸਨੇ ਕਦੀ ਦੁਕਾਨ ਵਾਲੇ ਤੋਂ ਕੋਈ ਤਨਖਾਹ ਭੀ ਨਹੀਂ ਲਈ। ਦਿਨ ਨੂੰ ਇਥੇ ਕੰਮ ਕਰਦਾ ਤੇ ਜਿਹੜਾ ਕੁਝ ਮਾੜਾ ਮੋਟਾ ਖਾ ਪੀ ਕੇ ਆਪਣੀ ਟੁੱਟੀ ਮੰਜੀ ਤੇ ਸੌਂ ਰਹਿੰਦਾ। ਉਸ ਨੂੰ ਕਦੀ ਕਪੜੇ ਖਰੀਦਣ ਦੀ ਜ਼ਰੂਰਤ ਨਹੀਂ ਪਈ। ਮੈਲ ਨਾਲ ਲੱਥ ਪੱਥ ਕਪੜੇ ਜਦੋਂ ਲੀਰਾਂ ਹੋ ਜਾਂਦੇ ਤਾਂ ਦੁਕਾਨ ਵਾਲਾ ਕੋਈ ਪਾਟੇ ਪੁਰਾਣੇ ਆਪਣੇ ਕਪੜੇ, ਆਪਣੇ ਉਤਾਰ ਉਸਨੂੰ ਲਿਆ ਦਿੰਦਾ। ਸਰੂਪ ਸ਼ੁਕਰਾਨੇ ਦੇ ਲਹਿਜ਼ੇ ਵਿਚ ਮਾਲਕ ਵਲਾਂ ਤੱਕਦਾ ਪਰ ਮਾਲਕ ਨੂੰ ਉਸ ਨਾਲ ਕੋਈ ਵਾਸਤਾ ਨਹੀਂ ਸੀ।

ਜਦੋਂ ਕੋਈ ਗਾਹਕ ਦੁਕਾਨ ਤੋਂ ਚਾਹ ਪੀ ਕੇ ਨਿਕਲਦਾ ਤੇ ਜਾਂਦਾ ਜਾਂਦਾ ਦਸ ਪੈਸੇ ਸਰੂਪ ਦੇ ਹਥ ਧਰ ਜਾਂਦਾ ਤਾਂ ਸਰੂਪ ਦੀ ਧੰਨਵਾਦੀ ਨਜ਼ਰ ਨੇ ਉਹਨਾਂ ਨੂੰ ਭੀ ਕਦੀ ਨਹੀਂ ਪ੍ਰੇਰਿਆ ਤੇ ਉਹ ਉਸਦੇ ਚਿਹਰੇ ਤੇ ਬਿਨ੍ਹਾਂ ਤਕਣੀ ਸੁੱਟੇ ਚਲ ਬਣਦੇ।

ਹਰ ਨਵਾਂ ਦਿਨ ਪਿਛਲੇ ਬੀਤ ਚੁਕੇ ਦਿਨ ਵਰਗਾ ਹੀ ਹੁੰਦਾ। ਉਹਨਾਂ ਵਿਚ ਸਰੂਪ ਲਈ ਕਦੀ ਕੋਈ ਫਰਕ ਨਹੀਂ ਸੀ ਆਇਆ। ਉਸਨੇ ਜ਼ਿੰਦਗੀ ਵਿਚ ਜਦੋਂ ਤੋਂ ਸੁਰਤ ਸੰਭਾਲੀ ਹੈ ...... ਨਾਂ ਹੀ ਕਦੀ ਹਸਿਆ ਤੇ ਨਾਂ ਹੀ ਕਦੀ ਕੋਈ ਹੱਸਣ ਵਾਲੀ ਗੱਲ ਹੀ ਉਸ ਨਾਲ ਵਾਪਰੀ। ਲੋਕੀਂ ਚਾਹ ਪੀਂਦੇ... ਮਠਿਆਈ ਖਾਂਦੇ......ਗੱਪਾਂ ਮਾਰਦੇ......ਤੇ ਖਿੜ ਖਿੜ ਹੱਸਦੇ ਤੇ ਸਰੂਪ ਉਹਨਾਂ ਦੇ ਚਿਹਰਿਆਂ ਤੇ ਬਿਟ ਬਿਟ ਝਾਕਦਾ ਰਹਿੰਦਾ।

ਸੜਕ ਤੇ ਲੋਕਾਂ ਦੇ ਸਾਈਕਲਾਂ ਦੀਆਂ ਘੰਟੀਆਂ ਵਜਦੀਆਂ ਤੇ ਰੌਲਾ ਪੈਂਦਾ ਤੇ ਸਰੂਪ ਉਸ ਰੌਲੇ ਵਿਚ ਗੁੰਮ ਹੋਇਆ ਆਪਣਾ ਆਪ ਭੁਲਿਆ ਰਹਿੰਦਾ। ਲੋਕੀਂ ਆਪੋ ਧਾਹ ਪਾਈ ਟੁਰੇ ਫਿਰਦੇ ਤੇ ਉਹ ਉਹਨਾਂ ਦੇ ਮੂਹਾਂ ਵਲ ਤਕਦਾ ਰਹਿੰਦਾ ਪਰ ਕਦੀ ਕਿਸੇ ਨੇ ਸਰੂਪ ਦੇ ਚਿਹਰੇ ਤੇ ਤੱਕਣੀ ਸੁੱਟ ਨਹੀਂ ਵੇਖਿਆ। ਕਦੀ ਕਦੀ ਉਹ ਸੋਚਦਾ ਕਿ ਇਹ ਲੋਕ ਕਦੀ ਮੇਰੇ ਵਲਾਂ ਤਕਦੇ ਭੀ ਨਹੀਂ । ਕੀ ਮੈਂ ਇਹਨਾਂ ਨੂੰ ਵਿਖਾਈ ਨਹੀਂ ਦੇ ਰਿਹਾ ?... ਕੀ ਮੇਰਾ ਉਦਾਸ ਚਿਹਰਾ ਹੋਣ ਕਾਰਨ ਇਹ ਲੋਕ ਮੇਰੇ ਨਾਲ ਬੋਲਣਾ ਚੰਗਾ ਨਾ ਸਮਝਦੇ ਹੋਣ ...... ਕਿਉਂਕਿ ਇਹ ਖੁਸ਼ ਜੁ ਹਨ।

ਇਕ ਦਿਨ ਸਰੂਪ ਦੇ ਦਿਲ ਵਿਚ ਪਤਾ ਨਹੀਂ ਕੀ ਉਛਾਲ ਆਇਆ ਕਿ ਉਹ ਦੁਕਾਨ ਦੇ ਬਾਹਰ ਚਲ ਰਹੀ ਸੜਕ ਤੇ ਜਾ ਕੇ ਉੱਚੀ ਉੱਚੀ ਰੌਲੀ ਪਾਉਣ ਲਗ ਪਿਆ ਤੇ ਉਸਦੀ ਹਾਲ ਦੁਹਾਈ ਨੂੰ ਲੋਕੀਂ ਤਮਾਸ਼ੇ ਵਾਂਗ ਵੇਖਣ ਲਗ ਪਏ ਤੇ ਸੜਕ ਤੇ ਇਕ ਗੋਲ ਦਾਇਰਾ ਜਿਹਾ ਬਣ ਗਿਆ।

ਉਹ ਬੋਲੀ ਜਾ ਰਿਹਾ ਸੀ... . ਮੈਂ ਸਰੂਪ ਹਾਂ . ...ਵੇਖੋ ਮੇਰੇ ਵਲਾਂ ਭੀ..... ਮੈਂ ਤੁਹਾਨੂੰ ਸਭ ਨੂੰ ਖੁਸ਼ ਹੁੰਦਾ ਵੇਖ ਕੇ ਖੁਸ਼ ਹੁੰਦਾ ਹਾਂ......ਪਰ ਤੁਸੀਂ ਲੋਕ ਕਦੀ ਮੇਰੇ ਵਲਾਂ ਤੱਕਦੇ ਭੀ ਨਹੀਂ......ਤੁਸੀਂ ਹੱਸਦੇ ਹੋ ਮੈਨੂੰ ਭੀ ਹੱਸਣਾ ਸਿੱਖਾ ਦਿਉ ਮੈਂ ਕਦੀ ਹਸਿਆ ਨਹੀਂ... . ਰੋਇਆ ਸ਼ਾਇਦ ਹੋਵਾਂ । ਪਰ ! ਮੈਨੂੰ ਹੱਸਣ ਦੀ ਕੋਈ ਜਾਚ ਨਹੀਂ . .. ਕੋਈ ਸਿਖਾਉ, ਕਿਵੇਂ ਹਸਿਆ ਜਾਂਦਾ ਹੈ......ਕਿਸ ਗੱਲ ਤੇ ਹਸਿਆ ਜਾਂਦਾ ਹੈ .....।

ਲੋਕੀਂ ਉਸਨੂੰ ਵੇਖ ਕੇ ਮੁਸਕਰਾਂਦੇ ਰਹੇ। ਸਰੂਪ ਨੇ ਬੋਲ ਬੋਲ ਕੇ ਆਪਣਾ ਆਪ ਹਫਾ ਲਿਆ ਸੀ ਤੇ ਲੋਕੀਂ ਸਿਰਫ ਤਮਾਸ਼ਾ ਵੇਖ ਵੇਖ ਹੀ ਚਲਦੇ ਬਣੇ। ਸਭ ਨੇ ਉਸਨੂੰ ਪਾਗਲ ਹੀ ਸਮਝਿਆ ਸੀ .... ।

ਦੁਕਾਨ ਵਾਲਾ ਉਸ ਦਾ ਮਾਲਕ ਭਾਰੇ ਸਰੀਰ ਵਾਲਾ ਭੱਦਾ ਜਿਹਾ ਪੁਰਸ਼, ਜਿਸ ਕੋਲ ਸਰੂਪ ਕੰਮ ਕਰਦਾ ਸੀ, ਉਸਨੇ ਭੀ ਸਰੂਪ ਨੂੰ ਮੁੜ ਦੁਕਾਨ ਤੇ ਪੈਰ ਨਹੀਂ ਪਾਉਣ ਦਿਤਾ। ਦੁਕਾਨ ਦੇ ਪਿਛਲੇ ਪਾਸੇ ਇਕ ਕਮਰਾ ਜਿੱਥੇ ਕਿ ਸਰੂਪ ਦਾ ਮੰਜਾ ਸਰੂਪ ਵਰਗੀ ਹਾਲਤ ਵਿਚ ਹੀ ਪਿਆ ਸੀ, ਸਰੂਪ ਵਲਾਂ ਬਿੱਟ ਬਿੱਟ ਝਾਕ ਰਿਹਾ ਸੀ। ਇਹ ਘਰ...... ਦੇ ਖ ਣ ਦਾ ਅ ਸ ਰ .. .... ਜਿਸ ਨੂੰ ਮੈਂ ਆਪਣਾ ਘਰ ਸਮਝਦਾ ਸੀ ..... ਇਹ ਭੀ ਮੇਰਾ ਨਹੀਂ ...... । ਇਹ ਚੀਜ਼ਾਂ ..... ਚੀਜ਼ਾਂ ਉੱਥੇ ਹੋ ਹੀ ਕੀ ਸਨ...... ਇਹ ਕਮਰਾ ਭੀ ਸਰੂਪ ਵਰਗਾ ਹੀ ਸੱਖਣਾ ਸੀ। ਉਹ ਉਥੋਂ ਕੀ ਚੁਕ ਸਕਦਾ ਸੀ ਤੇ

ਕੀ ਛੱਡ ਸਕਦਾ ਸੀ . . । ਉਸਨੇ ਕਮਰੇ ਅੰਦਰ ਦੂਜੀ ਨਿਗਾਹ ਮਾਰੀ ਤੇ ਉਸਨੂੰ ਖੁਲ੍ਹਾ ਛੱਡ ਹੀ ਕਿਧਰੇ ਤੁਰ ਗਿਆ । ਪਤਾ ਨਹੀਂ ਕਿਧਰ ਗਿਆ ...... । ਪਰ ਉਸ ਨੂੰ ਇਨਾਂ ਜ਼ਰੂਰ ਪਤਾ ਸੀ ਕਿ ਉਹ ਸ਼ਹਿਰ ਦੀਆਂ ਸਾਰੀਆਂ ਗਲੀਆਂ ਘੁੰਮਦਾ ਰਿਹਾ ਸੀ । ਤ੍ਰਿਕਾਲਾਂ ਪੈ ਚੁਕੀਆਂ ਸਨ । ਰਾਤ ਦਾ ਹਨੇਰਾ ਕਾਲੀ ਪੁਸ਼ਾਕ ਪਾ ਉੱਤਰ ਰਿਹਾ ਸੀ ਤੇ ਉਸਨੂੰ ਹੁਣ ਯਾਦ ਆਇਆ ਸੀ ਕਿ ਉਸ ਦੇ ਜਾਣ ਲਈ......ਉਸਦੇ ਰਹਿਣ ਲਈ ਕੋਈ ਥਾਂ ਥਿੱਥਾ ਨਹੀਂ ਹੈ ।

ਚੋਖੀ ਰਾਤ ਗਏ ਤਕ ਉਹ ਗਲੀਆਂ ਬਜ਼ਾਰਾਂ ਵਿਚ ਘੁੰਮਦਾ ਰਿਹਾ ਤੇ ਅਖੀਰ ਜਦੋਂ ਪੈਰਾਂ ਨੇ ਤੁਰਨ ਦਾ ਸਾਥ ਛੱਡਣਾ ਚਾਹਿਆ ਤਾਂ ਉਹ ਇਕ ਥੜੇ ਤੇ ਹੀ ਬੈਠ ਰਿਹਾ ਤੇ ਸ਼ਾਇਦ ਨੀਂਦ ਵੇਲੇ ਉਥੇ ਹੀ ਟੇਢਾ ਹੋ ਗਿਆ ।

ਅੱਜ ਸ਼ਾਇਦ ਉਸਦੇ ਦਿਲ ਵਿਚ ਪਹਿਲੀ ਵਾਰੀ ਇਹ ਖਿਆਲ ਆਇਆ ਕਿ ਮੇਰਾ ਭੀ ਕੋਈ ਹੋਵੇ ..... ਜਾਂ ਮੈਂ ਭੀ ਕਿਸੇ ਦਾ ਹੋਵਾਂ......। ਕੀ ਮੇਰੇ ਵਰਗਾ ਬਦਕਿਸਮਤ ਭੀ ਹੋਵੇਗਾ ਕੋਈ .... ।

ਉਸਦੇ ਅੰਦਰੋਂ ਇਕ ਪੀੜ ਉੱਠੀ ਓ ਮਹਿਲਾਂ ਵਾਲਿਓ ..... ਹੋਰ ਨਹੀਂ ਤਾਂ ਮੈਨੂੰ ਇਹ ਦਸ ਦਿਉ, ਮੈਂ ਕੌਣ ਹਾਂ ?...... ਮੈਂ ਕੀ ਹਾਂ... .. ... ? ...... ਮੈਂ ਕਿੱਥੋਂ ਆਇਆ...... ਤੇ ਕਿਥੇ ਜਾਣਾ ਹੈ ... ? ਇਹ ਮਹਿਲ ਕਿਸ ਤਰ੍ਹਾਂ ਬਣਦੇ ਹਨ ..... ? ਮੈਂ ਅੱਜ ਤਕ ਪੁਰਾਣੇ ਕਪੜਿਆਂ ਦਾ ਹੀ ਮਾਲਕ ਬਣ ਸਕਿਆ...... ਉਹ ਭੀ ਜੋ ਮੇਰੇ ਨਹੀਂ ਸਨ ..... । ਨਾਤਿਆਂ ਦੇ ਸਬੰਧ ਕਿਸ ਤਰ੍ਹਾਂ ਦੇ ਹੁੰਦੇ ਹਨ ..... ਤੁਸੀਂ ਜਾਣਦੇ ਹੋ ......ਮੈਨੂੰ ਭੀ ਸਮਝਾ ਦਿਉ..... ਇਨ੍ਹਾਂ ਦਾ ਅਹਿਸਾਸ ਮੈਨੂੰ ਭੀ ਦੁਆ ਦਿਉ ..... ।

ਰਾਤ ਬੀਤਦੀ ਗਈ ਤੇ ਸਰੂਪ ਆਪਣੇ ਵਹਿਣਾਂ ਵਿਚ ਹੀ ਸੋਚਦਾ ਸੌਂ ਗਿਆ । ਜਦੋਂ ਸਵੇਰੇ ਉਠਿਆ ਤਾਂ ਉਸ ਉਤੇ ਇਕ ਭਾਰਾ ਕੰਬਲ ਸੀ .. ......। ਕੰਬਲ ਕੋਈ ਨਵਾਂ ਨਹੀਂ ਸੀ ਪਰ ਫੇਰ ਭੀ ਉਹ ਐਨਾ ਮਾੜਾ ਨਹੀਂ ਸੀ । ਜ਼ਿੰਦਗੀ ਵਿਚ ਪਹਿਲੀ ਵਾਰੀ ਉਸਦੇ ਤਨ ਨੂੰ ਕਿਸੇ ਚੰਗੇ ਕਪੜੇ ਨੇ ਛੂਹਿਆ ਸੀ । ਉਸਨੇ ਉਠ ਕੇ ਕੰਬਲ ਦੀ ਤਹਿ ਲਾਈ ਤੇ ਆਲਾ ਦੁਆਲਾ ਵੇਖਿਆ ਕਿ ਜਿਸਦਾ ਕੰਬਲ ਹੋਵੇ ਉਸਨੂੰ ਫੜਾ ਦਿਤਾ ਜਾਵੇ ।

ਉਹ ਵੇਖ ਹੀ ਰਿਹਾ ਸੀ ਕਿ ਜਦੋਂ ਨੂੰ ਇਕ ਅੱਧਖੜ ਜਹੀ ਉਮਰ ਦੀ ਤੇ ਪੱਕੇ ਰੰਗ ਦੀ ਜਨਾਨੀ ਸਾਹਮਣੇ ਭੀੜੇ ਜਹੇ ਮਕਾਨ ਵਿਚੋਂ ਆਈ ਤੇ ਆਉਂਦਿਆਂ ਹੀ ਆਖ ਰਹੀ ਸੀ ...'ਮੁੰਡਿਆ ਰਾਤੀਂ ਠੰਡ ਤੇ ਨਹੀਂ ਸੀ ਲਗੀ .. ਭੈੜਿਆ ਤੂੰ ਤੇ ਕੰਬ ਰਿਹਾ ਸੈਂ... ਤੈਨੂੰ ਜਗਾ ਜਗਾ ਥੱਕੀ .. ...... ਤੂੰ ਨਾਂ ਉਠਿਉਂ .... ਹਾਰ ਕੇ ਸੋਚਿਆ ਇੱਥੇ ਹੀ ਕੱਪੜਾ ਉੱਪਰ ਦੇ ਛੜਾਂ ..... ਰਤਾ ਠੰਡ ਤੋਂ ਬਚ ਰਹੂ ..... ਆ ਮੇਰੇ ਨਾਲ, ਘੁੱਟ ਚਾਹ ਪਿਆਵਾਂ, ਰਤਾ ਠੰਡ ਨਿਕਲੇ ਸਰੀਰ 'ਚੋਂ...... ।

ਸਰੂਪ ਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਉਸਨੂੰ ਕੀ ਜਵਾਬ ਦੇਵੇ । ਇਸ ਜਨਾਨੀ ਦਾ ਜਿੰਨਾ ਸਰੀਰ ਬੇਢਬਾ ਸੀ, ਉਨਾਂ ਹੀ ਉਸ ਦੇ ਬੋਲਾਂ 'ਚੋਂ ਫੁੱਲ ਕਿਰ ਰਹੇ ਸਨ ... ਉਹ ਸੋਚੀਂ ਪੈ ਗਿਆ ... । ਕੀ ਮਾਂ ਇਸ ਤਰ੍ਹਾਂ ਦੀ ਹੁੰਦੀ ਏ ਜਿਸ ਨੂੰ ਠੰਡ ਦਾ, ਗਰਮੀ ਦਾ ਹਰ ਵੇਲੇ ਧਿਆਨ ਰਹਿੰਦਾ ਹੋਵੇ ..... । ਪਰ ! ਇਹ ਜਨਾਨੀ ਤੇ ਮੇਰੀ ਕੁਝ ਭੀ ਨਹੀਂ ਲਗਦੀ ..... ਫੇਰ ...... ਮਾਂ ਤਾਂ ਇਸ ਤੋਂ ਭੀ ਚੰਗੀ ਹੋਵੇਗੀ ...... ਪਰ ! ਇਸ ਵਿਚ ਭੀ ਮਾਂ ਦਾ ਦਿਲ ਏ...... ਤਾਂਹੀਉਂ ਐਨਾਂ ਖਿਆਲ ਕਰਦੀ ਏ ... ।

ਪਰ । ਹੋਰ ਭੀ ਤੇ ਔਰਤਾਂ ਨੇ..... ਦੁਕਾਨ ਤੇ ਕਿੰਨੀਆਂ ਚਾਹ ਪੀ ਕੇ ਤੁਰ ਜਾਂਦੀਆਂ ਸਨ ... ਸੁਨੱਖੀਆਂ ਸੁਨੱਖੀਆਂ ਔਰਤਾਂ...... ਕੀ ਉਨ੍ਹਾਂ ਦਾ ਦਿਲ ਵੱਖਰਾ ਹੋਵੇਗਾ ਇਸ ਤੋਂ ..... । ਇਹ ਸੋਹਣੀ ਭੀ ਨਹੀਂ ...... ਪਰ । ਕਿੰਨਾਂ ਖਿਆਲ ਤੇ ਖਿਚ ਹੈ ਇਸ ਵਿਚ ... ।

ਸਰੂਪ ਬਿਨਾਂ ਬੋਲੇ ਉਸ ਜਨਾਨੀ ਨਾਲ ਤੁਰ ਪਿਆ । ਉਹ ਹਿਰਖ ਨਾਲ ਗੱਲਾਂ ਕਰੀ ਜਾ ਰਹੀ ਸੀ, ਜਿਵੇਂ ਕਿ ਸਰੂਪ ਉਸਦੀ ਕੁੱਖ ਜਾਇਆ ਪੁੱਤਰ ਹੋਵੇ...... । ਆਖੀ ਜਾ ਰਹੀ ਸੀ ... ਵੇਖੋਂ ਨਾ ਕਿਵੇਂ ਲੰਮੀਆਂ ਤਾਣ ਕੇ ਪੈ ਰਿਹਾ ਇੱਥੇ ..... ਪਤਾ ਨਹੀਂ ਸੀ ਠੰਡ ਲਗ ਜਾਉਗੀ ...... ਮਾਂ ਵਿਚਾਰੀ ਭਾਵੇਂ ਮੱਥੇ ਤੇ ਹੱਥ ਧਰ ਕੇ ਉਡੀਕ ਰਹੀ ਹੋਵੇ ..... ਤੂੰ ਪੀ ਕੇ ਬਜਾਰਾਂ ਵਿਚ ਹੀ ਸੌਂ ਰਹਿਉਂ .. ... ।

ਪੀ ਕੇ .... ? ਸ਼ਾਇਦ ਇਸਦਾ ਖਿਆਲ ਹੋਵੇ ਕਿ ਮੈਂ ਸ਼ਰਾਬ ਪੀ ਕੇ ਇਥੇ ਪਿਆ ਹੋਵਾਂ .....ਨਹੀਂ ਇਹ ਭੀ ਅਨਜਾਣ ਏ......ਪਰ । ਕਿੰਨੀ ਚੰਗੀ ਏ......ਮੇਰਾ ਖਿਆਲ ਤਾਂ ਰਖਦੀ ਏ......ਜਿਸਨੂੰ ਮੈਂ ਖੁਦ ਨਹੀਂ ਜਾਣਦਾ ... ਆਪਣੀ ਮਾਂ ਨੂੰ ਉਸਦਾ ਭੀ ਖਿਆਲ ਰਖਦੀ ਏ ..... ।

ਉਸ ਜਨਾਨੀ ਨੇ ਸਰੂਪ ਨੂੰ ਚਾਹ ਦਾ ਗਲਾਸ ਫੜਾਇਆ ਤੇ ਦੂਜਾ ਆਪ ਫੜ ਪੀਣ ਲਗ ਪਈ । ਅੱਜ ਦੀ ਚਾਹ ਸਰੂਪ ਨੂੰ ਬੜੀ ਮਿੱਠੀ ਲਗ ਰਹੀ ਸੀ ।

ਇਸ ਵਿਚੋਂ ਕਿਸੇ ਪਿਆਰ ਦੀ ਖੁਸ਼ਬੋ ਆ ਰਹੀ ਸੀ । ਉਸ ਨੂੰ ਅੱਜ ਜ਼ਿੰਦਗੀ ਦੀਆਂ ਬਾਕੀ ਲੋੜਾਂ ਦੀ ਥੁੜ ਮਹਿਸੂਸ ਹੋਈ । ਉਸ ਨੂੰ ਇਉਂ ਜਾਪਿਆ ਜਿਵੇਂ ਕਿ ਉਹ ਸਦੀਆਂ ਸਦੀਵਾਂ ਤੋਂ ਇਕੱਲਾ ਚਲਿਆ ਆ ਰਿਹਾ ਹੈ ਤੇ ਅੱਜ ਪਹਿਲੀ ਵਾਰੀ ਉਸ ਦੀ ਜ਼ਿੰਦਗੀ ਵਿਚ ਇਕ ਖੁਸ਼ੀ ਦਾ ਖੇੜਾ ਆਇਆ ਹੈ ।

ਉਹ ਚੁਪ ਚਾਪ ਚਾਹ ਪੀ ਰਿਹਾ ਸੀ । ਮੂਲੋਂ ਹੀ ਨਿੱਕੇ ਨਿੱਕੇ ਘੁੱਟਾਂ ਨਾਲ ਮੱਤੇ ਚਾਹ ਜਲਦੀ ਮੁੱਕ ਜਾਵੇ ਤੇ ਉਸ ਦਾ ਪੇਟ ਫਿਰ ਖਾਲੀ ਰਹਿ ਜਾਵੇ । ਸ਼ਾਇਦ ਲੋੜ ਉਸ ਨੂੰ ਇਕੱਲੀ ਚਾਹ ਦੀ ਨਹੀਂ ਸੀ .....ਪਰ । ਉਸ ਨਾਲ ਮਿਲੇ ਹੋਏ ਕਿਸੇ ਪਿਆਰ ਦੀ ਸੀ, ਜਿਸ ਨੂੰ ਅੱਜ ਉਸਨੇ ਪਹਿਲੀ ਵਾਰੀ ਮਾਣਿਆ ਸੀ ...... ।

ਉਹ ਖਾਲੀ ਹੋ ਰਹੇ ਗਲਾਸ ਵਲਾਂ ਬਿੱਟ ਬਿੱਟ ਤਕ ਰਿਹਾ ਸੀ ..... ਸ਼ਾਇਦ ਸੋਚ ਰਿਹਾ ਹੋਵੇ ਕਿ .... ਕੀ ਉਸਦੇ ਹਿੱਸੇ ਸਿਰਫ ਪਿਆਰ ਦਾ ਭਰਿਆ ਇਹ ਇਕ ਗਲਾਸ ਹੀ ਸੀ .. ... ਜੇ ਇਹ ਖਾਲੀ ਹੋ ਗਿਆ ਤਾਂ ਉਹ ਕੀ ਕਰੇਗਾ ..... ਇਸ ਨੂੰ ਕਿਸ ਤਰ੍ਹਾਂ ਸਾਂਭੇ .... ਕਿਵੇਂ ਲਕੋਵੇ .....? ਉਸਦਾ ਜੀਅ ਕਰ ਰਿਹਾ ਸੀ ਕਿ ਉਹ ਉਸ ਗਲਾਸ ਨੂੰ ਘੁਟ ਕੇ ਹਿੱਕ ਨਾਲ ਲਾ ਲਵੇ ...... ।

ਉਸਦੀਆਂ ਸੋਚਾਂ ਬਹੁਤ ਦੇਰ ਉਸ ਨਾਲ ਨਾਂ ਰਹੀਆਂ ਕਿਉਂਕਿ ਉਸ ਔਰਤ ਨੇ ਉਸ ਨੂੰ ਗੂੜ੍ਹੀ ਨੀਂਦਰ ਵਿਚੋਂ ਜਗਾ ਦਿਤਾ ਸੀ, ਜਦੋਂ ਕਿ ਉਸ ਨੇ ਥੋੜ੍ਹੀ ਹੋਰ ਚਾਹ ਉਸਦੇ ਗਲਾਸ ਵਿਚ ਉਲਟ ਦਿਤੀ ਸੀ ...... ।

ਇਹ ਭੀ ਚੰਗਾ ਹੀ ਹੋਇਆ..... ਉਸ ਨੇ ਸੋਚਿਆ ਸੀ ... ਇਸ ਨੂੰ ਮੈਂ ਹੋਰ ਅਨੰਦ ਨਾਲ ਪੀਵਾਂਗਾ ...... ਹੌਲੀ ਹੌਲੀ ਤੇ ਇਹ ਜਨਾਨੀ ਜਿਵੇਂ ਕਿ ਇਸ ਨੂੰ ਪਤਾ ਹੋਵੇ ... ਜਿਵੇਂ ਕਿ ਇਹ ਮੇਰਾ ਮਨ ਪੜ੍ਹ ਸਕਦੀ

ਬਾਕੀ ਸਫ਼ਾ ੨੬ ਤੇ...

# ਵਿਸਾਖੀ ਮੇਲਾ - ਰਿਪੋਰਟ

ਵੈਨਕੂਵਰ ਤੇ ਇਸ ਦੇ ਆਸ ਪਾਸ ਵੱਸਣ ਵਾਲੇ ਪੰਜਾਬੀ ਆਪਣੇ ਸਭਿਆਚਾਰਕ ਵਿਰਸੇ ਨੂੰ ਸਾਂਭਣ ਤੇ ਉੱਚਾ ਚੁੱਕਣ ਬਾਰੇ ਅੱਜ ਕੱਲ ਕਾਫੀ ਚੇਤੰਨ ਤੇ ਗਰਮ ਜੋਸ਼ੀ ਵਿਚ ਹਨ। ਇਸੇ ਗਰਮ ਜੋਸ਼ੀ ਦਾ ਸਿੱਟਾ 12 ਅਪ੍ਰੈਲ ਨੂੰ ਵਿਸਾਖੀ ਮਨਾਈ ਗਈ ਜਿਸ ਵਿਚ ਇੱਥੋਂ ਦੀਆਂ ਅੱਠ ਸੰਸਥਾਵਾਂ ਨੇ ਭਾਗ ਲਿਆ। ਇਹ ਸੰਸਥਾਵਾਂ ਸੰਗੀਤ, ਨਾਚ, ਡਰਾਮਾ ਤੇ ਸਾਹਿਤ ਨਾਲ ਸਬੰਧ ਰੱਖਦੀਆਂ ਹਨ। ਸਾਰਿਆਂ ਦੇ ਸਹਿਯੋਗ ਨਾਲ ਤਿਆਰ ਕੀਤਾ ਇਹ ਪ੍ਰੋਗ੍ਰਾਮ ਇਸ ਪ੍ਰਕਾਰ ਦੀ ਇਕ ਨਾ ਭੁੱਲਣ ਵਾਲੀ ਸ਼ਾਮ ਹੋ ਨਿਬੜਿਆ।

ਪ੍ਰੋਗਰਾਮ ਦਾ ਆਰੰਭ ਛੋਟੇ ਬੱਚਿਆਂ ਦੀ ਭੰਗੜੇ ਦੀ ਟੀਮ ਨਾਲ ਹੋਇਆ। ਪਾਲ ਢਿੱਲੋਂ ਦੀ ਤਿਆਰ ਕੀਤੀ ਹੋਈ ਬੱਚਿਆਂ ਦੀ ਟੀਮ ਨੇ ਭਾਰੇ ਗੂੜ੍ਹੇ ਰੰਗਾਂ ਦੀਆਂ ਵਰਦੀਆਂ ਵਿਚ ਭੰਗੜੇ ਨੂੰ ਇਕ ਨਵੇਂ ਅੰਦਾਜ਼ ਵਿਚ ਪੇਸ਼ ਕੀਤਾ। ਇਹ ਭੰਗੜਾ ਸੰਤ ਰਾਮ ਉਦਾਸੀ ਦੇ ਗੀਤਾਂ ਉਪਰ ਤਿਆਰ ਕੀਤਾ ਗਿਆ ਸੀ। ਇਸ ਟੀਮ ਦਾ ਸਭ ਤੋਂ ਛੋਟਾ ਮੈਂਬਰ ਪੰਜ ਸਾਲ ਦੀ ਉਮਰ ਦਾ ਸੀ। ਹਾਲ ਵਿਚ ਗੂੰਜਦੀਆਂ ਤਾੜੀਆਂ ਤੋਂ ਲਗਦਾ ਸੀ ਕਿ ਦਰਸ਼ਕਾਂ ਨੇ ਬੱਚਿਆਂ ਦੇ ਭੰਗੜੇ ਨੂੰ ਬੇਹੱਦ ਪਸੰਦ ਕੀਤਾ ਸੀ। ਉਸ ਤੋਂ ਪਿਛੋਂ ਭੰਗੜੇ ਦੀਆਂ ਦੋ ਹੋਰ ਟੀਮਾਂ ਸਨ। ਸਰੀ ਇੰਡੀਆ ਆਰਟਸ ਕਲੱਬ ਅਤੇ ਪੰਜਾਬ ਕਲਚਰਲ ਐਸੋਸੀਏਸ਼ਨ। ਉਹਨਾਂ ਦੋਹਾਂ ਟੀਮਾਂ ਦੇ ਭੰਗੜੇ ਨੂੰ ਵੀ ਲੋਕਾਂ ਨੇ ਰੱਜ ਕੇ ਸਾਹਿਆ।

ਕਲਾ ਮੰਦਰ ਮਿਊਜ਼ੀਕਲ ਗਰੁੱਪ ਤੇ ਦਵਿੰਦਰ ਹੁੰਦਲ ਦੇ ਗੀਤਾਂ ਨੇ ਬਹੁਤ ਰੰਗ ਬੰਨ੍ਹਿਆ। East West Cultural Assoc. ਵਲੋਂ ਪੇਸ਼ ਕੀਤੇ ਰੂਸੀਆਂ ਮੁੰਡਿਆਂ ਦੇ ਰਲਵੇਂ ਸਾਜ਼ਾਂ ਨੂੰ ਦਰਸ਼ਕਾਂ ਨੇ ਰੱਜ ਕੇ ਸਲਾਹਿਆ। ਸਰਬਜੀਤ ਧਾਲੀਵਾਲ ਦੀ ਕੀਤੀ ਮਿਹਨਤ, ਸਟੇਜ ਤੇ ਰੰਗ ਲਿਆ ਰਹੀ ਸੀ। ਮਿਸ ਗਰੇਵਾਲ ਦੀ ਨਾਚ-ਯੋਗਤਾ ਕਮਾਲ ਦੀ ਸੀ।

ਥੀਏਟਰ ਆਰਟਿਸਟ ਆਫ ਇੰਡੀਆ ਵਲੋਂ ਇਕਾਂਗੀ ਪੇਸ਼ ਕੀਤਾ ਗਿਆ। ਪਾਤਰਾਂ ਦੀ ਮੇਕ-ਅਪ ਤੇ ਸਟੇਜ ਸੈਟਿੰਗ ਬਹੁਤ ਪ੍ਰਭਾਵਸ਼ਾਲੀ ਸੀ ਪਰ ਅਵਾਜ਼ ਦਾ ਠੀਕ ਪ੍ਰਬੰਧ ਨਾ ਹੋਣ ਕਰਕੇ ਦਰਸ਼ਕ ਇਸ ਆਈਟਮ ਨੂੰ ਪੂਰੀ ਤਰ੍ਹਾਂ ਮਾਣ ਨਹੀਂ ਸਕੇ।

ਪ੍ਰੋਗਰਾਮ ਦੇ ਪਹਿਲੇ ਅੱਧ ਵਿਚ ਸਟੇਜ ਸਕੱਤਰ ਇੰਦਰੇਸ਼ ਆਪਣੇ ਵੱਖਰੇ ਹੀ ਅੰਦਾਜ਼ ਵਿਚ ਪੇਸ਼ ਹੋਇਆ। ਦੂਜੇ ਅੱਧ ਦੀ ਜ਼ਿੰਮੇਵਾਰੀ ਮਹਿੰਦਰ ਸੂਮਲ ਨੇ ਨਿਭਾਈ। ਦਲਜੀਤ ਤੂਰ, ਨਰਿੰਦਰ ਭਾਗੀ, ਤਰਸੇਮ ਸੰਘਾ ਤੇ ਕਰਮਜੀਤ ਘੁਮਾਣ ਅਤੇ ਹੋਰ ਸਹਿਯੋਗੀਆਂ ਨੇ ਸਟੇਜ ਦੀਆਂ ਹੋਰ ਜ਼ਿੰਮੇਵਾਰੀਆਂ ਨਿਭਾਈਆਂ।

ਵੱਖਰੀਆਂ ਵੱਖਰੀਆਂ ਸੰਸਥਾਵਾਂ ਵਲੋਂ ਇਸ ਕਿਸਮ ਦਾ ਇਹ ਪਹਿਲਾ ਯਤਨ ਸੀ ਜਿਹੜਾ ਕਿ ਪੂਰਨ ਤੌਰ ਤੇ ਕਾਮਯਾਬ ਕਿਹਾ ਜਾ ਸਕਦਾ ਹੈ। ਉਮੀਦ ਹੈ ਅੱਗੇ ਤੋਂ ਵੀ ਇਹ ਇਕ ਦੂਜੇ ਦੇ ਸਹਿਯੋਗ ਵਿਚ ਕੰਮ ਕਰਦੇ ਰਹਿਣਗੇ।

— ਸਾਧੂ

---


# ਕਿੰਗਜ਼ਗੇਟ ਇਨਸ਼ੋਰੈਂਸ ਏਜੰਸੀਜ਼

**ALL TYPES OF INSURANCE AT COMPETITIVE RATES INCLUDING:
AUTO, HOME, COMMERCIAL, BUSINESS, TRAVEL, LIFE,
ACCIDENT and SICKNESS, RRSP.**



**FAZAL KHAN**
104 Kingsgate Mall
370 E. Broadway, Vancouver
Tel: 872-7827

YOUR Independent Insurance AGENT "SERVES YOU FIRST"

THE BEST SERVICE
COSTS NO MORE

**INSURANCE**

WHEN YOU RENEW IT
REVIEW IT



**DALJIT S. SIDHU**
6679 Main St. (at 51st.)
Vancouver
Tel: 324-2311

# ਆਲੋਚਨਾ ਦੀ ਆਲੋਚਨਾ

— ਅਜਮੇਰ ਰੋਡੇ

ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਵਿਚ ਸਿਰਜਨਾਤਮਕ ਸਾਹਿਤ ਦੀ ਆਲੋਚਨਾ ਦੇ ਨਾਲ ਨਾਲ ਪੰਜਾਬੀ ਆਲੋਚਨਾਂ ਉੱਤੇ ਵੀ ਆਲੋਚਨਾ ਹੋਈ ਹੈ। ਇਹ ਆਪਣੇ ਆਪ ਵਿਚ ਮਹੱਤਵਪੂਰਣ ਹੈ ਕਿਉਂਕਿ ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਪੰਜਾਬੀ ਸਾਹਿਤ ਵਿਚ ਆਲੋਚਨਾ ਐਨੀ ਕੁ ਪ੍ਰਫੁਲਤ ਹੋ ਚੁਕੀ ਹੈ ਕਿ ਇਸ ਦਾ ਵੀ ਲੇਖਾ ਜੋਖਾ ਕੀਤਾ ਜਾ ਸਕੇ। ਆਲੋਚਨਾ ਦੀ ਆਲੋਚਨਾ ਵਿਸ਼ਵ ਦੀਆਂ ਹੋਰਨਾ ਪ੍ਰਫੁਲਤ ਜ਼ੁਬਾਨਾਂ ਦੇ ਸਾਹਿਤ ਵਿਚ ਵੀ ਹੁੰਦੀ ਰਹੀ ਹੈ। ਪੰਜਾਬੀ ਵਿਚ ਹੁਣ ਤਕ ਹੋਈ ਆਲੋਚਨਾ ਦੀ ਆਲੋਚਨਾ ਦਾ ਜੋ ਪ੍ਰਭਾਵ ਉਘੜਦਾ ਹੈ ਉਹ ਬਹੁਤਾ ਉਤਸ਼ਾਹਜਨਕ ਨਹੀਂ। ਆਲੋਚਨਾਂ ਨਾਲੋਂ ਆਲੋਚਕਾਂ ਦੀ ਸ਼ਖਸੀਅਤ ਦਾ ਲੇਖਾ ਜੋਖਾ ਜ਼ਿਆਦਾ ਹੋਇਆ ਹੈ — ਜਿਥੇ ਕੁਝ ਆਲੋਚਨਾ ਗੰਭੀਰ ਤੇ ਉਸਾਰੂ ਵੀ ਹੋਈ ਹੈ, ਉਥੇ ਬਹੁਤੀ ਆਲੋਚਨਾ ਦੂਸ਼ਣਬਾਜ਼ੀ, ਈਰਖਾ, ਅਤੇ ਆਪਣੇ ਆਪ ਨੂੰ 'ਮਹਾਨ ਚਿੰਤਕ' ਸਿੱਧ ਕਰਨ ਨਾਲੋਂ ਵੱਧ ਕੁਝ ਨਹੀਂ।

ਅਜੇਹੀ ਹੀ ਆਲੋਚਨਾ ਦਾ ਇਕ ਨਿਬੰਧ "ਪੰਜਾਬੀ ਆਲੋਚਨਾ ਦਾ ਸੰਕਟ" ਨਾਂ ਹੇਠ ਡਾ: ਗੁਰੂਮੇਲ ਸਿੱਧੂ ਵਲੋਂ ਪਿੱਛੇ ਜਿਹੇ ਲਿਖਿਆ ਗਿਆ ਹੈ ਜੋ 15 ਮਾਰਚ, 1980 ਦੇ ਇੰਡੋਕਨੇਡੀਅਨ ਟਾਇਮਜ਼ (ਪੰਜਾਬੀ) ਵਿਚ ਛਪਿਆ ਹੈ। ਇਸ ਨਿਬੰਧ ਵਿਚ ਡਾ: ਗੁਰੂਮੇਲ ਨੇ ਪੰਜਾਬੀ ਸਾਹਿਤ ਵਿਚ ਹੁਣ ਤੱਕ ਦੀ ਆਲੋਚਨਾ ਅਤੇ ਆਲੋਚਕਾਂ (ਸੰਤ ਸਿੰਘ ਸੇਖੋਂ, ਡਾ: ਅਤਰ ਸਿੰਘ, ਡਾ: ਹਰਿਭਜਨ ਸਿੰਘ, ਡਾ: ਤੇਜਵੰਤ ਗਿੱਲ, ਡਾ: ਜਸਬੀਰ ਸਿੰਘ ਆਹਲੂਵਾਲੀਆ, ਡਾ: ਗੁਰਭਗਤ, ਅਤੇ ਡਾ: ਸਤਿੰਦਰ ਸਿੰਘ ਨੂਰ ਆਦਿ) ਦਾ ਭਰਪੂਰ ਖੰਡਨ ਕੀਤਾ ਹੈ। ਇਹ ਇਕ ਬਹੁਤ ਗੰਭੀਰ ਗੱਲ ਹੈ ਕਿਉਂਕਿ ਇਸ ਨਾਲ ਪੰਜਾਬੀ ਸਾਹਿਤ ਦੇ ਲੇਖਕ, ਪਾਠਕ ਅਤੇ ਵਿਦਿਆਰਥੀ ਗੁਮਰਾਹ ਹੋ ਸਕਦੇ ਹਨ।

ਕਿਸੇ ਵੀ ਆਲੋਚਨਾਂ ਪ੍ਰਣਾਲੀ ਦਾ ਖੰਡਨ ਕਰਨ ਤੋਂ ਪਹਿਲਾਂ ਉਸ ਵਿਧੀ ਦੇ ਕੇਂਦਰੀ ਸਿਧਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਹੋਣਾ ਲਾਜ਼ਮੀ ਹੈ, ਤਾਂ ਹੀ ਉਸਦਾ ਸਹੀ ਮੁਲਅੰਕਣ ਪਾਠਕਾਂ ਸਾਹਮਣੇ ਪੇਸ਼ ਕੀਤਾ ਜਾ ਸਕਦਾ ਹੈ।

ਸੰਤ ਸਿੰਘ ਸੇਖੋਂ ਦੀ ਆਲੋਚਨਾ ਪ੍ਰਣਾਲੀ (ਮਾਰਕਸਵਾਦੀ ਆਲੋਚਨਾ) ਬਾਰੇ ਗੁਰੂਮੇਲ ਲਿਖਦਾ ਹੈ:

> ਇਸ ਆਲੋਚਨਾ ਪ੍ਰਣਾਲੀ ਦੀ ਮੁਖ ਘਾਟ ਇਹ ਹੈ ਕਿ ਇਹ ਰਚਨਾਤਮਿਕਤਾ ਦੇ ਨਿਰੰਤਰ ਕਰਮ ਨੂੰ ਤ੍ਰੈਕਾਲੀ ਤੇ ਇਤਿਹਾਸਕ ਪ੍ਰਵਾਹ ਵਿਚ ਸਮਝਣ ਦੀ ਥਾਂ ਸਾਹਿਤ ਨੂੰ ਗਿਣੇ ਮਿਥੇ ਤੇ ਬਣੇ ਬਣਾਏ ਮਾਪ ਦੰਡਾਂ ਉੱਤੇ ਹੀ ਪ੍ਰਖਣ ਦਾ ਯਤਨ ਕਰਦੀ ਹੈ।

ਇਸ ਕਥਨ ਤੋਂ ਗੁਰੂਮੇਲ ਦੀ ਮਾਰਕਸਵਾਦੀ ਆਲੋਚਨਾ ਬਾਰੇ ਅਗਿਆਨਤਾ ਪ੍ਰਗਟ ਹੁੰਦੀ ਹੈ, ਕਿਉਂਕਿ ਸਾਹਿਤ ਦਾ ਇਤਿਹਾਸਕ ਪਿੱਠਭੂਮੀ ਵਿਚ ਵਿਸ਼ਲੇਸ਼ਣ ਕਰਨਾ ਤਾਂ ਮਾਰਕਸੀ ਆਲੋਚਨਾ — ਦਵੰਦਵਾਦੀ/ਇਤਿਹਾਸਕ ਪਦਾਰਥਵਾਦੀ — ਦਾ ਧੁਰਾ ਹੈ। ਪਰ ਗੁਰੂਮੇਲ ਨੂੰ ਸੇਖੋਂ ਦੀ ਆਲੋਚਨਾ ਵਿਚੋਂ ਇਤਿਹਾਸਕ ਪਿਛੋਕੜ ਗ਼ਾਇਬ ਨਜ਼ਰ ਆਉਂਦਾ ਹੈ। ਅਗੇ ਚਲ ਕੇ ਉਸੇ ਨਿਬੰਧ ਵਿਚ ਗੁਰੂਮੇਲ ਸੇਖੋਂ ਤੋਂ ਪਿਛਲੇ ਆਲੋਚਕਾਂ ਬਾਰੇ ਗੱਲ ਕਰਦਿਆਂ ਕਹਿੰਦਾ ਹੈ:

> ਅਤਰ ਸਿੰਘ, ਕਿਰਪਾਲ ਸਿੰਘ ਕਸੇਲ, ਪ੍ਰਮਿੰਦਰ ਸਿੰਘ ਕੁਝ ਸਮੇਂ ਲਈ ਸੇਖੋਂ ਪ੍ਰਣਾਲੀ ਦੇ ਆਲਮਬਰਦਾਰ ਰਹੇ, ਜਿਨ੍ਹਾਂ ਵਿਚ ਬਾਦ ਵਿਚ ਆ ਕੇ ਜਸਵੀਰ ਸਿੰਘ ਆਹਲੂਵਾਲੀਆ, ਪ੍ਰੀਤਮ ਸਿੰਘ ਪੀ.ਸੀ.ਐਸ, ਤੇਜਵੰਤ ਗਿੱਲ ਅਤੇ ਕੁਲਬੀਰ ਸਿੰਘ ਕਾਂਗ ਆਦਿ ਵੀ ਆ ਸ਼ਾਮਲ ਹੋਏ। ਆਹਲੂਵਾਲੀਆ ਨੇ ਆਪਣੇ ਆਪ ਨੂੰ ਬਿਖਰਿਆਉਣ ਲਈ ਪ੍ਰਯੋਗਸ਼ੀਲਤਾ ਦਾ ਨਾਹਰਾ ਦਿਤਾ, ਜਿਸ ਨਾਲ ਪੰਜਾਬੀ ਸਾਹਿਤ ਇਕ ਵਾਰੀ ਫੇਰ ਦਿਸ਼ਾਹੀਣ ਨਿਮਨ ਬੋਧਕ ਦੰਗਲ ਦਾ ਅਖਾੜਾ ਬਣ ਕੇ ਰਹਿ ਗਿਆ। ਸਮਾਂ ਕਿਸੇ ਤੇ ਰਹਿਮ ਨਹੀਂ ਕਰਦਾ; ਅਤਰ ਸਿੰਘ, ਕਸੇਲ, ਤੇਜਵੰਤ ਗਿੱਲ ਆਦਿ ਕੁਰਸੀ ਨਿਵਾਜ ਆਲੋਚਨਾਤਮਕ ਪ੍ਰਸੰਸਾ ਤੇ ਨਿਖੇਧੀ ਦੀਆਂ ਭੁੱਲ ਭੁਲਈਆਂ ਵਿਚ ਉਲਝ ਕੇ ਆਪਣਾ ਆਪ ਖੰਡਨ ਹੋ ਨਿਬੜੇ।

ਜੇ ਗੁਰਮੇਲ ਨੇ ਡਾ: ਅਤਰ ਸਿੰਘ ਦੀ ਨਵੀਂ ਪੁਸਤਕ "ਸਮਦਰਸ਼ਨ" ਹੀ ਪੜ੍ਹੀ ਹੁੰਦੀ ਜਾਂ ਕੇਵਲ ਉਸ ਵਿਚਲੇ ਨਿਬੰਧਾਂ ਦੇ ਸਿਰਲੇਖ ਹੀ ਦੇਖੇ ਹੁੰਦੇ ਤਾਂ ਉਹ ਡਾ: ਅਤਰ ਸਿੰਘ ਦੀ ਆਲੋਚਨਾ ਨੂੰ 'ਰਸਮੀ-ਲਿਹਾਜ਼' ਦੀ ਬਜਾਏ ਸਾਹਿਤ ਰੂਪ ਤੌਰ ਕਹਿੰਦਾ, ਉਹ ਘੱਟੋ ਘੱਟ "ਸਮਦਰਸ਼ਨ" ਵਿਚਲੇ ਮੁੱਖ ਨਿਬੰਧ 'ਸਿਰਜਨ ਤੇ ਸਮੀਖਿਆ' ਦਾ ਜ਼ਿਕਰ ਜ਼ਰੂਰ ਕਰਦਾ। ਜਿਸ ਵਿਚ ਡਾ: ਅਤਰ ਸਿੰਘ ਨੇ ਸਾਹਿਤ ਦੇ ਵਿਸ਼ਲੇਸ਼ਣ ਲਈ ਭਾਸ਼ਾ ਦੇ ਅਧਿਐਨ 'ਤੇ ਜ਼ੋਰ ਦਿਤਾ ਹੈ; ਪਰ ਭਾਸ਼ਾ ਨੂੰ ਉਹ ਸਾਹਿਤ ਦਾ ਮਾਧਿਅਮ ਨਹੀਂ ਮੰਨਦਾ, ਸਾਹਿਤ ਦਾ ਮਾਧਿਅਮ ਉਸ ਲਈ 'ਸ਼ਬਦ' ਹੈ:

> 'ਸ਼ਬਦ' ਇਕ ਜੀਵੰਤ ਪ੍ਰਾਣਾਧਾਰੀ ਤੱਥ ਹੁੰਦਾ ਹੈ ਜਿਸ ਦੀਆਂ ਸੰਗਲੀਆਂ ਇਕ ਪਾਸੇ ਸੁਰ ਰਾਹੀਂ ਕਾਲ ਗਤੀ ਤਕ, ਤੇ ਦੂਜੇ ਪਾਸੇ ਵਿਵਹਾਰਕ ਜੀਵਨ, ਮਾਨਵੀ ਸੰਘਰਸ਼, ਸਾਂਸਕ੍ਰਿਤਕ ਸਿਮਰਤੀ ਅਤੇ ਸਾਹਿਤ ਦੀਆਂ ਰੂਪਕ ਤੇ ਕਲਾਤਮਕ ਪਰੰਪਰਾਵਾਂ ਤਕ ਪਸਰੀਆਂ ਹੁੰਦੀਆਂ ਹਨ। ਸ਼ਬਦ ਦੇ ਮੌਲਿਕ ਸਰੂਪ ਨੂੰ ਉਜਾਗਰ ਕਰਨ ਲਈ ਉਸ ਦੇ ਇਨ੍ਹਾਂ ਸਾਰੇ ਪੱਖਾਂ ਨੂੰ ਹੀ ਵਿਸ਼ੁਧ ਕਰ ਕਰਕੇ ਤੀਬਰ ਕਰਨਾ ਪੈਂਦਾ ਹੈ। ਕਿਸੇ ਸਾਹਿਤਕ ਰਚਨਾ ਦਾ ਅਧਿਐਨ ਸ਼ਬਦ ਦੇ ਇਸ ਜਟਿਲ ਅਸਤਿਤਵ ਸਬੰਧੀ ਚੇਤੰਨ ਹੋਏ ਬਿਨਾਂ ਹੋ ਹੀ ਨਹੀਂ ਸਕਦਾ। (ਸਮਦਰਸ਼ਨ ਸਫ਼ਾ 33)

ਡਾ: ਅਤਰ ਸਿੰਘ ਦਾ 'ਸ਼ਬਦ' ਤੇ 'ਭਾਸ਼ਾ' ਦਾ ਇਹ ਸੰਕਲਪ ਸੰਰਚਨਾਵਾਦੀ ਭਾਸ਼ਾ ਸੰਕਲਪ ਨਾਲੋਂ ਬਹੁਤ ਵਖਰਾ ਹੈ, ਅਤੇ ਇਹ ਕਿਸੇ ਗੰਭੀਰ ਵਿਵੇਚਨ ਦਾ ਵਿਸ਼ਾ ਬਣ ਸਕਦਾ ਸੀ ਪਰ ਗੁਰਮੇਲ ਲਈ ਡਾ: ਅਤਰ ਸਿੰਘ ਵਰਗੇ ਆਲੋਚਕ ਦਾ ਖੰਡਨ ਕਰਨ ਵਾਸਤੇ ਇਸ ਤਰ੍ਹਾਂ ਦੇ ਵਿਸ਼ਲੇਸ਼ਣ ਵਿਚ ਪੈਣਾ ਉਸਦੀ ਆਲੋਚਨਾਤਮਕ ਯੋਗਤਾ ਤੋਂ ਬਾਹਰੀ ਗੱਲ ਜਾਪਦੀ ਹੈ।

ਇਸੇ ਤਰ੍ਹਾਂ ਡਾ: ਤੇਜਵੰਤ ਗਿੱਲ ਦੇ ਸੰਬੰਧ ਵਿਚ ਗੁਰਮੇਲ ਲਿਖਦਾ ਹੈ ਕਿ ਉਹ "ਨਿਖੇਧੀ ਦੀਆਂ ਭੁਲ ਭੁਲਈਆਂ ਵਿਚ ਪੈ ਕੇ ਆਪਣਾ ਖੰਡਨ ਆਪ ਹੀ ਨਿਬੜਿਆ ਹੈ"। ਗੁਰਮੇਲ ਨੇ ਤੇਜਵੰਤ ਬਾਰੇ ਇਹ ਪੜਤਾਲਣ ਦੀ ਵੀ ਲੋੜ ਨਹੀਂ ਸਮਝੀ ਕਿ ਉਸਨੇ ਪਰੰਪਰਾਵਾਦੀ ਸੇਖੋਂ ਆਲੋਚਨਾ ਪ੍ਰਣਾਲੀ—ਦਵੰਦਵਾਦੀ/ਇਤਿਹਾਸਕ ਪਦਾਰਥਵਾਦੀ—ਤੋਂ ਅਗੇ ਦਾਰਸ਼ਨਿਕ/ਇਤਿਹਾਸਕ ਸਿਧਾਂਤ ਨੂੰ ਅਪਨਾਇਆ ਹੈ। ਇਸ ਸਿਧਾਂਤ ਅਨੁਸਾਰ ਸਾਹਿਤ ਦੇ ਵਿਸ਼ਲੇਸ਼ਣ ਦਾ ਘੇਰਾ ਮੋਕਲਾ ਹੋ ਜਾਂਦਾ ਹੈ। ਡਾ: ਤੇਜਵੰਤ ਗਿੱਲ ਦੇ ਸੰਬੰਧ ਵਿਚ ਇਕ ਹੋਰ ਵੀ ਦਿਲਚਸਪ ਗੱਲ ਸਾਹਮਣੇ ਆਈ ਹੈ, ਉਹ ਇਹ ਹੈ ਕਿ ਗੁਰਮੇਲ ਨੇ ਆਪਣੀ ਕਵਿਤਾ ਦੀ ਪਹਿਲੀ ਪੁਸਤਕ "ਦੁਬਿਧਾ" (1966) ਦੀ ਭੂਮਿਕਾ ਤੇਜਵੰਤ ਕੋਲੋਂ ਲਿਖਵਾਈ ਸੀ; ਫਿਰ ਜਦੋਂ ਨੌ ਸਾਲ ਪਿਛੋਂ 1975 ਵਿਚ ਗੁਰਮੇਲ ਨੇ ਆਪਣੀ ਦੂਸਰੀ ਪੁਸਤਕ "ਚੰਦਨ ਸਦੀ" ਪ੍ਰਕਾਸ਼ਤ ਕਰਵਾਈ ਤਾਂ ਉਸ ਵਿਚ ਉਸਨੇ ਤੇਜਵੰਤ ਦੀ ਲਿਖੀ "ਦੁਬਿਧਾ" ਦੀ ਭੂਮਿਕਾ ਫਿਰ ਛਾਪ ਦਿੱਤੀ। ਪ੍ਰਸ਼ਨ ਉਠਦਾ ਹੈ ਜੇ ਗੁਰਮੇਲ ਨੂੰ ਤੇਜਵੰਤ ਦੀ ਆਲੋਚਨਾ 'ਰਸਮੀ ਲਿਹਾਜ਼' ਤੇ 'ਨਿਖੇਧੀ' ਵਾਲੀ ਲਗਦੀ ਹੈ ਤਾਂ ਉਸਦੀ ਲਿਖੀ ਭੂਮਿਕਾ (ਆਲੋਚਨਾਤਮਿਕ) ਨੌ ਸਾਲ ਪਿਛੋਂ ਨਵੀਂ ਪੁਸਤਕ ਵਿਚ ਕਿਉਂ ਦੁਹਰਾਈ ਗਈ? ਜਦੋਂ ਕਿ ਇਸ ਪੁਸਤਕ ਵਿਚ ਇਕ ਹੋਰ ਭੂਮਿਕਾ ਵੀ ਹੈ ਅਤੇ ਇਕ ਅਪੀਤਕਾ ਵੀ। ਤੇਜਵੰਤ ਗੁਰਮੇਲ ਬਾਰੇ ਲਿਖਦਾ ਹੈ:

> ਅਜੇਹਾ ਹੀ ਸ਼ੰਕਾਵਾਦ ਉਸਦਾ 'ਜਨਮ' ਬਾਬਤ ਹੈ। ਉਸ ਅਨੁਸਾਰ ਵਿਅੱਕਤੀ ਨ੍ਹੇਰਿਆਂ ਦੇ ਗਰਭ ਦੀ ਸੰਤਾਨ ਹੈ, ਨ੍ਹੇਰਿਆਂ ਦੇ ਸੂਤਕਾਂ ਦਾ ਪਾਪ ਹੈ। ਮੈਨੂੰ ਇਹਨਾਂ ਵਿਰੋਧਾਤਮਿਕ ਵਿਚਾਰਾਂ ਨਾਲ ਕੋਈ ਨਫਰਤ ਨਹੀਂ ਪਰ ਇਹਨਾਂ ਨੂੰ ਪ੍ਰਸਤਾਵਿਕ ਵਿਚਾਰਾਂ ਦੀ ਵਿੱਥ-ਸੂਝ ਵਿਚ ਰੱਖ ਕੇ ਪ੍ਰਗਟ ਕਰਨਾ ਚਾਹੀਦਾ ਸੀ। ਇਹ ਸਾਡੇ ਨਾਹਰੇਬਾਜ਼ ਪ੍ਰਯੋਗਵਾਦੀ ਤਾਂ ਬਿਲਕੁਲ ਹੀ ਨਹੀਂ ਕਰਦੇ ਪਰ ਉਸ ਸਟੇਜ ਤੇ ਤਾਂ ਗੁਰਮੇਲ ਵੀ ਨਹੀਂ ਕਰ ਰਿਹਾ ਜਿਸ ਸਟੇਜ ਤੇ ਮੈਂ ਉਸਦੀ ਕਾਵਿਕ-ਦ੍ਰਿਸ਼ਟੀ ਦਾ ਵਿਸ਼ਲੇਸ਼ਣ ਕਰ ਰਿਹਾ ਹਾਂ।

ਮਾਰਕਸਵਾਦੀ ਅਤੇ ਨਵ-ਮਾਰਕਸਵਾਦੀ ਆਲੋਚਨਾ ਦੇ ਨਾਲ ਨਾਲ ਇਸ ਦਹਾਕੇ ਵਿਚ ਸੰਰਚਨਾਵਾਦ ਨੇ ਪੰਜਾਬੀ ਸਾਹਿਤ ਵਿਚ ਮੁੱਖ ਆਲੋਚਨਾ ਪ੍ਰਣਾਲੀ ਦੇ ਰੂਪ ਵਿਚ ਪ੍ਰਵੇਸ਼ ਕੀਤਾ ਹੈ। ਇਸ ਸਮੇਂ ਪੰਜਾਬ ਦੇ ਸਾਹਿਤਕ ਹਲਕਿਆਂ ਵਿਚ ਸੰਰਚਨਾਵਾਦ ਇਕ ਭਰਪੂਰ ਵਾਦ-ਵਿਵਾਦ ਦਾ ਵਿਸ਼ਾ ਹੈ। ਪੰਜਾਬੀ ਸਾਹਿਤਕ ਆਲੋਚਨਾ ਵਿਚ ਇਹ ਨਵੀਂ ਆਲੋਚਨਾ ਪ੍ਰਣਾਲੀ ਸੰਰਚਨਾਵਾਦ ਦਾ ਪ੍ਰੀਚੇ ਕਰਵਾਉਣ ਦਾ ਡਾ: ਹਰਿਭਜਨ ਸਿੰਘ ਦਾ ਇਕ ਚੇਤਨ ਜਤਨ ਹੈ। ਉਨ੍ਹਾਂ ਨੇ ਪਿਛਲੇ ਚਾਰ ਪੰਜ ਸਾਲਾਂ ਵਿਚ ਪੰਜਾਬੀ ਆਲੋਚਨਾ ਦੇ ਵਿਕਾਸ ਲਈ "ਸਾਹਿਤ ਸ਼ਾਸਤਰ", "ਪਾਰਗਾਮੀ", "ਸਾਹਿਤ ਵਿਗਿਆਨ", "ਰੂਪਕੀ" ਅਤੇ "ਰਚਨਾ-ਸੰਰਚਨਾ" ਵਰਗੀਆਂ ਆਲੋਚਨਾਤਮਕ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ। ਪਰ ਗੁਰਮੇਲ ਆਪਣੇ ਨਿਬੰਧ ਵਿਚ ਆਲੋਚਨਾ ਦੇ ਖੇਤਰ ਵਿਚ ਇਸ ਚਾਨਣਾ ਨੂੰ ਬਿਲਕੁਲ ਅਣਡਿਠ

ਹੁਣ 'ਸੰਰਚਨਾਵਾਦ' ਬਾਰੇ ਕੁਝ ਮੁਢਲੇ ਸੰਖਿਪਤ ਵਿਚਾਰ ਦੇਣਾ ਹੈ:

> ਹਰਿਭਜਨ ਸਿੰਘ ਤੇ ਉਸ ਦੇ ਸਾਥੀਆਂ ਦਾ ਸਨਰਚਨਾਵਾਦ ਨੂੰ ਇਕ ਆਲੋਚਨਾਤਮਕ ਪ੍ਰਣਾਲੀ ਦੇ ਰੂਪ ਵਿਚ ਸਥਾਪਨ ਕਰਨ ਦਾ ਯਤਨ ਅਸਲੋਂ ਹੀ ਨਿਸਫਲ ਸਿੱਧ ਹੋਇਆ ਕਿਉਂਕਿ ਇਹ ਪ੍ਰਣਾਲੀ ਉਹਨਾਂ ਦੀਆਂ ਆਪਣੀਆਂ ਹੀ ਰਚਨਾਵਾਂ ਨੂੰ ਰੱਦ ਕਰਦੀ ਸੀ ।

ਵਿਕਾਸਸ਼ੀਲ ਆਲੋਚਨਾ ਪ੍ਰਣਾਲੀਆਂ ਦੇ ਸਿੱਟੇ ਅੱਖੀ ਛੇਤੀ ਨਿਰਧਾਰਤ ਨਹੀਂ ਕੀਤੇ ਜਾ ਸਕਦੇ; ਹਰ ਨਵੀਂ ਆਲੋਚਨਾ ਪ੍ਰਣਾਲੀ ਮੰਗ ਕਰਦੀ ਹੈ ਕਿ ਉਸਦੇ ਮਨੋਰਥ ਨੂੰ ਸਮਝਿਆ ਜਾਏ, ਘੋਖਿਆ ਪਰਖਿਆ ਜਾਏ; ਪ੍ਰਚਲਤ ਖੰਡਨ ਮੰਡਨ ਨੂੰ ਸਿੱਟਿਆਂ ਦਾ ਮੂਲ ਨਾ ਬਣਾਇਆ ਜਾਏ।

ਲੋੜ ਇਸ ਗੱਲ ਦੀ ਹੈ ਕਿ ਸਭ ਤੋਂ ਪਹਿਲਾਂ ਇਹ ਵੇਖਿਆ ਜਾਏ ਕਿ 'ਸੰਰਚਨਾਵਾਦ' ਕੀ ਹੈ? :— ਸੰਰਚਨਾਵਾਦ ਇਕ ਵਿਆਪਕ ਚਿੰਤਨ ਹੈ; ਅਸਲ ਵਿਚ ਇਹ ਕੋਈ ਵਾਦ ਨਹੀਂ ਸਗੋਂ ਇਕ ਵਿਧੀ ਹੈ ਜੋ ਭਾਸ਼ਾ ਵਿਗਿਆਨ ਤੋਂ ਇਲਾਵਾ, ਸਾਹਿਤ, ਦਰਸ਼ਨ, ਮਾਨਵ ਵਿਗਿਆਨ, ਸਮਾਜ ਵਿਗਿਆਨ, ਤੇ ਭੌਤਕ ਵਿਗਿਆਨ ਉਤੇ ਵੀ ਲਾਗੂ ਹੋ ਸਕਦੀ ਹੈ ਜਿਸ ਤਰ੍ਹਾਂ ਜਾਂ ਪਿਆਜੇ (Jeanpiaget) ਨੇ ਆਪਣੀ ਪੁਸਤਕ "Strcucturalism" ਵਿਚ ਦਰਸਾਇਆ ਹੈ। ਸੰਰਚਨਾਵਾਦ, ਭਾਸ਼ਾ ਵਿਗਿਆਨ ਦੇ ਨਿਯਮਾਂ ਅਨੁਸਾਰ ਕਿਸੇ ਸਾਹਿਤਕ ਰਚਨਾ ਦਾ ਵਿਸ਼ਲੇਸ਼ਣ ਕਰਕੇ ਉਸਦੀ ਸੰਰਚਨਾ (structure) ਨੂੰ ਉਘਾੜਦਾ ਹੈ; ਇਸ ਤਰ੍ਹਾਂ ਇਹ ਕਿਸੇ ਰਚਨਾ ਨੂੰ ਰੱਦ ਨਹੀਂ ਕਰਦਾ ਨਾ ਹੀ ਕਿਸੇ ਰਚਨਾ ਦੀ ਪ੍ਰਸ਼ੰਸਾ ਕਰਦਾ ਹੈ। ਇਹ ਵੱਖਰੀ ਗੱਲ ਹੈ ਕਿ ਵਿਸ਼ਲੇਸ਼ਣ ਉਪਰੰਤ ਕਿਸੇ ਰਚਨਾ ਦੀ ਸੰਰਚਨਾ ਬਹੁਤ ਅਦਭੁਤ ਉਭਰ ਆਵੇ ਤੇ ਕਿਸੇ ਦੀ ਉਖੜੀ ਪੁਖੜੀ ਲੱਗੇ।

ਮਿਸਾਲ ਵਜੋਂ: ਸੰਰਚਨਾਵਾਦ ਕਿਸੇ ਰਚਨਾ ਨੂੰ ਭਾਸ਼ਾ ਦੇ ਇਕ ਵਾਕ ਵਾਂਗ ਸਮਝਦਾ ਹੈ।
ਸਮੇਂ ਨੂੰ ਇਕਕਾਲਕ (Synchronic) ਮਿਥਦਾ ਹੈ।
ਰਚਨਾ ਦਾ ਵਿਸ਼ਲੇਸ਼ਣ ਪੈਰਾਡਾਈਮ ਅਤੇ ਸਿੰਨਟਾਈਮ ਵਿਧਾਵਾਂ ਵੱਲ ਕਰਦਾ ਹੈ। ਅਤੇ ਇਸ ਤਰ੍ਹਾਂ ਕਈ ਤੈਹ ਦਰ ਤੈਹ ਸੰਸ਼ਲੇਸ਼ਣ ਕਰਕੇ ਰਚਨਾ ਦੀ ਸਮੁੱਚੀ ਸੰਰਚਨਾ ਨੂੰ ਉਜਾਗਰ ਕਰਦਾ ਹੈ।

( ਭਾਸ਼ਾ ਵਿਗਿਆਨ ਦਾ ਇਹ ਮਾਡਲ ਸਭ ਤੋਂ ਪਹਿਲਾਂ ਸਵਿਸ ਭਾਸ਼ਾ ਵਿਗਿਆਨੀ, ਸੌਸਿਊਰ (Saussure) ਨੇ ਦਿਤਾ ਤੇ ਉਸ ਪਿਛੋਂ ਜੈਕਬਸਨ (Jakobson) ਅਤੇ ਚਾਮਸਕੀ (Chomsky) ਨੇ ਇਸ ਨੂੰ ਪ੍ਰਫੁਲਤ ਕੀਤਾ।)

ਸੰਰਚਨਾਵਾਦ ਦੇ ਸੰਬੰਧ ਵਿਚ ਗੁਰੂਮੇਲ ਜਦੋਂ ਇਹ ਕਹਿੰਦਾ ਹੈ ਕਿ

> ਜੇ ਸੇਖੋਂ ਨੇ ਪੱਛਮ ਤੋਂ ਉਧਾਰਾ ਚਿੰਤਨ ਲੈ ਕੇ ਇਕ ਭੁੱਲ ਕੀਤੀ ਸੀ, ਤਾਂ ਹਰਿਭਜਨ ਸਿੰਘ ਨੇ ਦੂਜੀ ਭੁੱਲ ਕਰਕੇ <u>ਤੁਰਕ</u> ਤੇ ਨਿਆਂਏ ਦਾ ਤਿਆਗ ਹੀ ਕਰ ਦਿੱਤਾ।

ਤਾਂ ਉਹ ਇਸ ਗੱਲੋਂ ਅਣਜਾਣ ਜਾਪਦਾ ਹੈ ਕਿ ਸੰਰਚਨਾਵਾਦੀ ਚਿੰਤਨ ਵਿਚ ਵਿਵਸਥਾ (order) ਦਾ ਸਥਾਨ ਕੇਂਦਰੀ ਮਹੱਤਤਾ ਵਾਲਾ ਹੈ, ਤੇ ਵਿਵਸਥਾ ਦਾ ਆਧਾਰ ਹੈ <u>ਤਰਕ</u>।

ਹੋਰ ਸੰਰਚਨਾਵਾਦੀਆਂ ਬਾਰੇ ਗੁਰੂਮੇਲ ਲਿਖਦਾ ਹੈ:

> ਬਦਕਿਸਮਤੀ ਦੀ ਗੱਲ ਇਹ ਹੈ ਕਿ ਇਸ ਸਨਰਚਨਾਵਾਦ ਨਾਲ ਸੰਬੰਧ ਰੱਖਣ ਵਾਲੇ ਪੁਰਸ਼ ਖੁਦ ਵੀ ਮਾੜੇ ਮੋਟੇ ਲੇਖਕ ਸਨ, ਜਿਵੇਂ ਕਿ ਗੁਰਭਗਤ ਸਿੰਘ, ਤ੍ਰਲੋਕ ਸਿੰਘ ਕੰਵਲ ਅਤੇ ਸਤਿੰਦਰ ਸਿੰਘ ਨੂਰ ਆਦਿ ।

ਇਸ ਕਥਨ ਤੋਂ ਤਾਂ ਇਹੋ ਪ੍ਰਤੀਤ ਹੁੰਦਾ ਹੈ, ਕਿ ਜਾਂ ਤਾਂ ਗੁਰੂਮੇਲ ਨੇ ਗੁਰਭਗਤ ਸਿੰਘ ਦੀ ਕੋਈ ਲਿਖਤ ਪੜ੍ਹੀ ਹੀ ਨਹੀਂ ਜਾਂ ਉਸਨੂੰ ਗੁਰਭਗਤ ਦੇ ਚਿੰਤਨ ਦੀ ਸਮਝ ਹੀ ਨਹੀਂ ਪਈ, ਕਿਉਂਕਿ ਗੁਰਭਗਤ ਸੰਰਚਨਾਵਾਦ ਦਾ ਸਮਰਥਕ ਨਹੀਂ; ਉਹ ਭਾਸ਼ਾ ਵਿਗਿਆਨ ਦੇ ਮਾਡਲ ਦੀ ਮੂਲ ਸਥਾਪਨਾ, ਚਿਨ੍ਹ ਦੀ ਦ੍ਵੈਤ ਨੂੰ ਸਵੀਕਾਰ ਨਹੀਂ ਕਰਦਾ।

> ਇਸ ਲਈ ਸਮਕਾਲੀ ਚਿੰਨ੍ਹ-ਵਿਗਿਆਨ ਜਿਸ ਦਾ ਵੱਡਾ ਸਮਰਥਕ ਰੋਲਾਂ ਬਾਰਥ ਅਤੇ ਮੋਢੀ ਸਵਿੱਸ ਭਾਸ਼ਾ-ਵਿਗਿਆਨੀ ਸਾਸਿਊਰ ਹੈ, ਕਾਵਿ-ਰੂਪ ਨੂੰ ਬੁੱਝਣ ਵਿਚ ਬਹੁਤੀ ਸਹਾਇਤਾ ਨਹੀਂ ਕਰਦੇ । ਲੈਵੀ ਸਤ੍ਰਾਸ ਦੇ 'ਸਟਰਕਚਰਲਿਜ਼ਮ' ਬਾਰੇ ਵੀ ਇਹ ਗੱਲ ਸੱਚ ਹੈ

ਗੁਰਭਗਤ ਦੇ ਵਿਚਾਰ ਵਿਚ:

ਕਾਵਿ ਜਿਸ ਅਦ੍ਵੈਤ-ਇਕਾਗਰਤਾ ਦਾ ਤੀਬਰ ਬਿੰਬ ਹੈ, ਉਹ ਚਿੰਨ੍ਹ ਵਿਗਿਆਨ ਅਤੇ "ਸਟਰਕਚਰਲਿਜ਼ਮ" ਦੇ ਵਸੀਕਾਰ ਵਿਚ ਨਹੀਂ।

(ਨਵੇਂ ਸਾਹਿਤ ਸ਼ਾਸਤਰ ਦੀ ਖੋਜ ਵਿਚ — ਡਾ: ਗੁਰਭਗਤ ਸਿੰਘ
ਵਿਰਤੀ ਫਰਵਰੀ ਜਨਵਰੀ 1975)

ਗੁਰਭਗਤ ਦੇ ਚਿੰਤਨ ਉੱਤੇ Phenomenology ਦਾ ਪ੍ਰਭਾਵ ਹੈ ਜਿਸ ਅਨੁਸਾਰ Phenomenon ਹੀ ਯਥਾਰਥ ਤੱਕ ਪਹੁੰਚਣ ਦਾ ਮਾਧਿਅਮ ਹੈ। ਯੋਰਪ ਵਿਚ ਮੁੱਖ ਟੱਕਰ ਸੰਰਚਨਾਵਾਦੀਆਂ ਅਤੇ ਫਿਨਾਮੀਨਾਲੋਜਿਸਟਾਂ ਵਿਚਕਾਰ ਰਹੀ ਹੈ; ਪੰਜਾਬੀ ਵਿਚ ਭਾਵੇਂ ਇਹ ਟੱਕਰ ਮਾਰਕਸਵਾਦੀ ਆਲੋਚਨਾ ਅਤੇ ਸੰਰਚਨਾਵਾਦ ਵਿਚਕਾਰ ਉਭਰੀ ਹੈ। ਫਿਨਾਮੀਨਾਲੋਜਿਸਟਾਂ ਦਾ ਸੰਰਚਨਾਵਾਦੀਆਂ 'ਤੇ ਵੱਡਾ ਇਲਜ਼ਾਮ ਇਹ ਰਿਹਾ ਹੈ ਕਿ ਉਹ ਸਾਹਿਤ ਦਾ ਅ-ਮਨੁੱਖੀ ਤੇ ਮਕਾਨਕੀ ਵਿਸ਼ਲੇਸ਼ਣ ਕਰਦੇ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਗੁਰਭਗਤ 'ਵਿਰਤੀ ਫਰਵਰੀ' ਵਿਚ ਛਪਣ ਕਰਕੇ, ਗੁਰੂਮੇਲ ਨੇ ਉਸਦੇ ਸੰਰਚਨਾਵਾਦੀ ਹੋਣ ਬਾਰੇ ਰਾਏ ਬਣਾ ਲਈ ਤੇ ਜਾਂ ਫਿਰ ਸੁਤਿੰਦਰ ਨੂਰ ਦਾ ਭਰਾ ਹੋਣ ਕਰਕੇ! (ਡੂੰਘੇ ਅਧਿਐਨ ਦੀ ਉਦਾਹਰਣ!!)

ਸੋ ਇਸ ਤਰ੍ਹਾਂ ਗੁਰੂਮੇਲ ਅਨੁਸਾਰ ਪੰਜਾਬੀ ਵਿਚ ਕਿਸੇ ਵੀ ਆਲੋਚਕ ਨੇ ਸੁਲਝੀ ਹੋਈ ਅਤੇ ਪ੍ਰਮਾਣਿਕ ਆਲੋਚਨਾ ਪੇਸ਼ ਨਹੀਂ ਕੀਤੀ, ਪਰ ਆਪਣੇ ਨਿਬੰਧ ਦੇ ਅੰਤ ਵਿਚ ਉਹ ਕਹਿੰਦਾ ਹੈ:

> ਮੈਂ ਇਸ ਲੇਖ ਨਾਲ ਸਿਆਣੇ ਸੁਲਝੇ ਹੋਏ ਆਲੋਚਕਾਂ ਤੇ ਸਾਹਿਤਕਾਰਾਂ ਨੂੰ ਇਕ ਉਸਾਰੂ ਵਾਦ ਵਿਵਾਦ ਦਾ ਸੱਦਾ ਦਿੰਦਾ ਹਾਂ.

ਸੁਆਲ ਪੈਦਾ ਹੁੰਦਾ ਹੈ ਕਿ ਉਸਦੇ ਨਿਬੰਧ ਦੇ ਅੰਤ ਹੋਣ ਤੱਕ ਪੰਜਾਬੀ ਵਿਚ "ਸੁਲਝੇ" ਹੋਏ ਆਲੋਚਕ ਤੇ ਸਾਹਿਤਕਾਰ ਕਿਥੋਂ ਪੈਦਾ ਹੋ ਗਏ?

•

ਗੁਰੂਮੇਲ ਅਨੁਸਾਰ ਪੰਜਾਬੀ ਆਲੋਚਨਾ ਦਾ ਇਕ ਵੱਡਾ ਸੰਕਟ ਇਹ ਵੀ ਹੈ ਕਿ ਇਸ ਦੀਆਂ ਮੁੱਖ ਪ੍ਰਣਾਲੀਆਂ — ਵਿਸ਼ੇਸ਼ ਕਰਕੇ ਮਾਰਕਸਵਾਦੀ ਆਲੋਚਨਾ ਤੇ ਸੰਰਚਨਾਵਾਦ — ਪੱਛਮ ਤੋਂ ਉਧਾਰੀਆਂ ਲੈ ਕੇ ਪੰਜਾਬੀ ਸਾਹਿਤ ਉੱਤੇ ਜ਼ਬਰਦਸਤੀ ਠੋਸੀਆਂ ਗਈਆਂ ਹਨ; ਪਰ ਗੁਰੂਮੇਲ ਸਾਹਿਬ ਇਸ ਗੱਲੋਂ ਤਾਂ ਅਣਜਾਣ ਨਹੀਂ ਹੋਵੇਗਾ ਕਿ ਆਧੁਨਿਕ ਪੰਜਾਬੀ ਸਾਹਿਤ ਦੇ ਬਹੁਤੇ ਰੂਪ — ਲਿਰਿਕ, ਖੁੱਲ੍ਹੀ ਕਵਿਤਾ, ਨਿੱਕੀ ਕਹਾਣੀ, ਨਾਵਲ ਆਦਿ ਪੱਛਮ ਤੋਂ ਹੀ ਆਏ ਹਨ; ਫੇਰ ਉਨ੍ਹਾਂ ਲਈ ਪੱਛਮੀ ਆਲੋਚਨਾ ਪ੍ਰਣਾਲੀਆਂ ਨੂੰ ਅਪਨਾਉਣ ਵਿਚ ਸੰਕਟ ਵਾਲੀ ਕਿਹੜੀ ਗੱਲ ਹੈ? ਉਂਜ ਇਸ ਦਾ ਭਾਵ ਇਹ ਨਹੀਂ ਕਿ ਪੰਜਾਬੀ ਦੀ ਕੋਈ ਸਥਾਨਕ ਆਲੋਚਨਾ ਪ੍ਰਣਾਲੀ ਪੈਦਾ ਹੀ ਨਹੀਂ ਹੋ ਸਕਦੀ। ਪ੍ਰਸ਼ਨ ਕਿਸੇ ਆਲੋਚਨਾ ਪ੍ਰਣਾਲੀ ਦੇ ਸਥਾਨਕ ਜਾਂ ਵਿਦੇਸ਼ੀ ਹੋਣ ਦਾ ਨਹੀਂ; ਪ੍ਰਸ਼ਨ ਇਹ ਹੈ ਕਿ ਪੰਜਾਬੀ ਸਾਹਿਤ ਦੇ ਅਧਿਐਨ ਅਤੇ ਵਿਸ਼ਲੇਸ਼ਣ ਲਈ ਕਿਹੜੀਆਂ ਆਲੋਚਨਾ ਪ੍ਰਣਾਲੀਆਂ ਅਨੁਕੂਲ ਹਨ। ਸੰਚਾਰ ਦੇ ਇਸ ਯੁਗ ਵਿਚ ਪੂਰਬ ਪੱਛਮ ਦੀ ਗੱਲ ਉਂਜ ਹੀ ਸਕੋਰਣ ਜਿਹੀ ਲਗਦੀ ਹੈ।

ਸਾਹਿਤਕ ਆਲੋਚਨਾ ਦੀ ਹਰ ਮੁੱਖੀ ਧਾਰਾ ਦਾ ਸੋਮਾ ਕੋਈ ਨਾ ਕੋਈ ਸਾਹਿਤ ਤੋਂ ਬਾਹਰੀ ਫ਼ਲਸਫ਼ਾ ਰਿਹਾ ਹੈ। ਰੂਪਵਾਦੀ ਆਲੋਚਨਾ ਦਾ ਸੋਮਾ ਪਲੇਟੋ ਤੇ ਅਰਸਤੂ ਦੇ ਫ਼ਲਸਫ਼ੇ ਵਿਚ ਹੈ। ਮਾਰਕਸਵਾਦੀ ਆਲੋਚਨਾ ਦਾ ਦਵੰਦਵਾਦੀ/ਇਤਿਹਾਸਕ ਪਦਾਰਥਵਾਦੀ ਫ਼ਲਸਫ਼ੇ ਵਿਚ, ਮਨੋਵਿਗਿਆਨਕ ਆਲੋਚਨਾ ਦਾ ਫ਼ਰਾਇਡ ਦੇ ਇੱਦ ਤੇ ਮੈਂ (Id & Ego) ਦੇ ਸਿਧਾਂਤਾਂ ਵਿਚ, ਸੰਰਚਨਾਵਾਦ ਦਾ ਪਰਾਗ ਸਕੂਲ ਦੇ ਭਾਸ਼ਾ-ਵਿਗਿਆਨਕ ਫ਼ਲਸਫ਼ੇ ਵਿਚ, ਇਸੇ ਤਰ੍ਹਾਂ ਹੋਰ ਆਲੋਚਨਾ ਪ੍ਰਣਾਲੀਆਂ ਅਸਤਿਤ੍ਵਵਾਦ ਆਦਿ ਦੇ ਸੋਮੇ ਵੀ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਇਹ ਫ਼ਲਸਫ਼ੇ ਪਹਿਲਾਂ ਆਪਣੇ ਆਪਣੇ ਦੇਸ਼ਾਂ ਵਿਚ ਪੈਦਾ ਹੋਏ ਤੇ ਛੇਤੀ ਹੀ ਦੇਸ਼ ਦੀਆਂ ਹੱਦਾਂ ਟੱਪ ਕੇ ਅੰਤਰਰਾਸ਼ਟਰੀ ਬਣ ਗਏ। ਪਿੱਛੋਂ ਇਨ੍ਹਾਂ ਨੂੰ ਪ੍ਰਫੁਲਤ

ਕਰਨ ਵਿਚ ਵਿਸ਼ਵ ਦੇ ਹੋਰ ਚਿੰਤਕਾਂ ਵੱਲੋਂ ਵੀ ਹਿੱਸਾ ਪਾਇਆ ਗਿਆ। ਇਸੇ ਤਰ੍ਹਾਂ ਇਨ੍ਹਾਂ ਫਲਸਫਿਆਂ ਨਾਲ ਸੰਬੰਧਿਤ ਆਲੋਚਨਾ ਪ੍ਰਣਾਲੀਆਂ ਵੀ ਸਾਰੇ ਵਿਸ਼ਵ ਵਿਚ ਫੈਲੀਆਂ ਅਤੇ ਪ੍ਰਚਲਤ ਹੋਈਆਂ।

ਪੰਜਾਬੀ ਸਾਹਿਤ ਵਿਚ ਕਿਸੇ ਆਲੋਚਨਾ ਪ੍ਰਣਾਲੀ ਨੂੰ ਸਿਧਾਂਤਕ ਪੱਧਰ 'ਤੇ ਪ੍ਰਚਲਤ ਕਰਨ ਦਾ ਕੰਮ ਅਜੇ ਨਾਂਹ ਬਰਾਬਰ ਹੀ ਹੈ; ਪ੍ਰਚਲਤ ਹੋਈਆਂ ਦੋ ਮੁੱਖ ਆਲੋਚਨਾ ਪ੍ਰਣਾਲੀਆਂ — ਮਾਰਕਸਵਾਦੀ ਆਲੋਚਨਾ, ਤੇ ਸੰਰਚਨਾਵਾਦ — ਅਜੇ "Application" ਪੱਧਰ ਉੱਤੇ ਹੀ ਹਨ। ਮਾਰਕਸਵਾਦੀ ਆਲੋਚਨਾ ਜਿਥੇ 'ਸਮਾਜਵਾਦੀ ਯਥਾਰਥਵਾਦ' ਤੋਂ ਅਗੇ ਨਵ-ਮਾਰਕਸਵਾਦੀ ਆਲੋਚਨਾ ਦੇ ਪੜਾਵਾਂ ਤੱਕ ਪਹੁੰਚ ਚੁਕੀ ਹੈ; ਉਥੇ ਸੰਰਚਨਾਵਾਦ ਨੇ ਅਜੇ ਇਸ ਦਹਾਕੇ ਵਿਚ ਹੀ ਪ੍ਰਵੇਸ਼ ਕੀਤਾ ਹੈ। ਸੰਰਚਨਾਵਾਦ ਨੂੰ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਕਿੰਨੀ ਕੁ ਸਫਲਤਾ ਮਿਲੇਗੀ ਇਹ ਕਹਿਣਾ ਅਜੇ ਕਠਿਨ ਹੈ; ਪਰ ਇਸ ਨੇ ਪੰਜਾਬੀ ਆਲੋਚਨਾ ਨੂੰ ਇਕ ਨਵਾਂ ਮੋੜ ਦੇ ਦਿਤਾ ਹੈ। ਪੰਜਾਬੀ ਸਾਹਿਤ ਦੀ ਆਲੋਚਨਾ ਵਿਚ ਸੰਰਚਨਾਵਾਦ ਨਾਲ ਪਹਿਲੀ ਵਾਰ ਸਹੀ ਅਰਥਾਂ ਵਿਚ ਵਿਗਿਆਨਕ ਵਿਸ਼ਲੇਸ਼ਣ ਸ਼ੁਰੂ ਹੋਇਆ ਹੈ, ਅਤੇ ਇਸ ਪ੍ਰਣਾਲੀ ਨੇ ਹੋਰਨਾਂ ਆਲੋਚਕਾਂ ਨੂੰ ਵੀ ਡੂੰਘੇ ਚਿੰਤਨ ਲਈ ਮਜਬੂਰ ਕੀਤਾ ਹੈ।

ਪੰਜਾਬੀ ਆਲੋਚਨਾ ਦੀ ਅੱਜ ਦੀ ਸਥਿਤੀ ਸੰਭਾਵਨਾਵਾਂ ਭਰਪੂਰ ਹੈ, ਭਾਵੇਂ ਸਾਡੇ ਆਲੋਚਕਾਂ ਵੱਲੋਂ ਵਿਸ਼ਵ ਸਾਹਿਤ ਆਲੋਚਨਾ ਵਿਚ ਕੋਈ ਯੋਗਦਾਨ ਨਹੀਂ ਪਾਇਆ ਗਿਆ, ਇਹ ਤਾਂ ਹੀ ਸੰਭਵ ਹੋ ਸਕੇਗਾ ਜੇ ਵਾਸਤਵਿਕ ਪ੍ਰਿਸ਼ਟਭੂਮੀ ਵਿਚ ਕਿਸੇ ਆਲੋਚਨਾ ਪ੍ਰਣਾਲੀ ਨੂੰ ਨਵਾਂ ਮੋੜ ਦਿਤਾ ਜਾ ਸਕੇ। ਆਧੁਨਿਕ ਪੰਜਾਬੀ ਸਾਹਿਤ ਦੀ ਆਯੂ ਅਜੇ ਮਸਾਂ ਅੱਠ ਦਹਾਕੇ ਹੈ; ਨਵੀਂ ਪੰਜਾਬੀ ਆਲੋਚਨਾ ਦੀ ਫਾਈ ਤਿੰਨ ਦਹਾਕੇ। ਇਸ ਛੋਟੀ ਆਯੂ ਵਿਚ ਹੀ ਪੰਜਾਬੀ ਆਲੋਚਨਾ ਨੇ ਵਿਸ਼ਵ ਸਾਹਿਤ ਆਲੋਚਨਾ ਦੀਆਂ ਕਈ ਪ੍ਰਣਾਲੀਆਂ ਅਤੇ ਸੰਕਲਪ ਪੰਜਾਬੀ ਸਾਹਿਤ ਵਿਚ ਪ੍ਰਚਲਿਤ ਕਰਵਾਏ ਹਨ। ਇਸ ਸਮੇਂ ਪੰਜਾਬੀ ਆਲੋਚਨਾ ਆਪਣੇ ਰੌਲੇ ਰੱਪੇ, ਨੁਕਤਾਚੀਨੀ, ਨਿਰੋਲਚਕਾਂ ਅਤੇ ਸਮਾਲੋਚਕਾਂ ਸਮੇਤ ਪਰਿਪੱਕਤਾ ਲਈ ਸੰਘਰਸ਼ਸ਼ੀਲ ਹੈ।

ਇਸ ਲਈ ਪੰਜਾਬੀ ਸਾਹਿਤ ਦੀ ਆਲੋਚਨਾ ਦੇ ਉਸਾਰੂ ਵਾਦ-ਵਿਵਾਦ ਲਈ ਪ੍ਰਸ਼ਨ ਤਾਂ ਬਹੁਤ ਹਨ — ਵਾਸਤਵਿਕ ਪੱਧਰ 'ਤੇ ਵੀ ਅਤੇ ਅਮਲੀ ਪੱਧਰ 'ਤੇ ਵੀ; ਪਰ ਅਜਿਹਾ ਵਾਦ-ਵਿਵਾਦ ਡੂੰਘੇ ਅਧਿਐਨ, ਤਾਰਕਿਕ ਪਹੁੰਚ, ਤੇ ਸਾਹਿਤਕ ਭਾਸ਼ਾ ਦੀ ਮੰਗ ਕਰਦਾ ਹੈ।

•

## 'ਪੰਜਾਬੀ ਲੇਖਕਾਂ ਦੇ ਧਿਆਨਯੋਗ'

ਕਨੇਡੀਅਨ ਸਰਕਾਰ (ਸੈਕਰੇਟਰੀ ਆਫ਼ ਸਟੇਟ, ਆਟਵਾ) ਵਲੋਂ ਇਕ ਨਵਾਂ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਦਾ ਉਦੇਸ਼ ਸਾਰੇ ਕਨੇਡੀਅਨ ਏਸ਼ੀਆਈ ਲੇਖਕਾਂ ਦੇ ਸਾਹਿਤ ਨੂੰ ਸੰਗ੍ਰਹਿ ਕਰਕੇ ਸਮੁਚੇ ਕਨੇਡੀਅਨ ਸਾਹਿਤ ਦਾ ਅੰਗ ਬਨਾਉਣਾ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਵਿਚ ਕੈਨੇਡਾਵਾਸੀ ਪੰਜਾਬੀ ਲੇਖਕ ਸਾਰੇ ਦੇ ਸਾਰੇ ਸ਼ਾਮਿਲ ਹੋ ਸਕਣ (ਭਾਂਵੇ ਉਨ੍ਹਾਂ ਦੀ ਅਜੇ ਤੱਕ ਕੋਈ ਪੁਸਤਕ ਛਪੀ ਹੋਵੇ ਜਾਂ ਨਾਂ)। ਕੈਨੇਡਾ ਦੇ ਸਾਰੇ ਪੰਜਾਬੀ ਲੇਖਕਾਂ ਨੂੰ ਇਸ ਵਿਚ ਸ਼ਾਮਿਲ ਹੋਣ ਦਾ ਸੱਦਾ ਦਿਤਾ ਜਾਂਦਾ ਹੈ ਕਿ ਉਹ ਆਪਣਾ ਐਡਰੈਸ ਹੇਠ ਲਿਖੇ ਪਤੇ 'ਤੇ ਛੇਤੀ ਤੋਂ ਛੇਤੀ ਭੇਜ ਦੇਣ ਤਾਂ ਜੋ ਉਨ੍ਹਾਂ ਨੂੰ ਇਸ ਪ੍ਰਾਜੈਕਟ ਬਾਰੇ ਪੂਰੀ ਜਾਣਕਾਰੀ ਭੇਜ ਕੇ ਉਨ੍ਹਾਂ ਦੀਆਂ ਰਚਨਾਵਾਂ ਪ੍ਰਾਪਤ ਕੀਤੀਆਂ ਜਾ ਸਕਣ। ਧੰਨਵਾਦ।

ਸੁਰਜੀਤ ਕਲਸੀ

Address: 5346 CECIL ST. VANCOUVER, B.C. V5R 4E5

"ONE-STOP" GROCERY CENTRE

# MAIN FOOD CENTRE

**6681 Main St. [at 51st. Ave.]**

**PHONE: 324-4185**

## FIGURE ON SAVINGS

**WHEN YOU FOOD SHOP HERE**

master charge

VISA

## *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF RECORDS & 8-TRACKS**

**SPECIAL OFFER:**

**ALL SIZES HEAVY-BOTTOM PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**

**LOWEST PRICES —PURE & FRESH QUALITY GROCERY ITEMS**

**6681 MAIN STREET, VANCOUVER**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ
WATNO DUR
P.O. BOX 67681 STN. "O"
VANCOUVER, B.C. V5W 3V2
Second class mail Reg. No. 3233


# FRONTIER CLOTH HOUSE LTD.
**6695 MAIN STREET VANCOUVER, B.C.**

## THE KING OF SAREE

Tel.: 325-4424

**FRONTIER**

**THE HOUSE OF FASHION FABRICS**

*Frontier — the Fair Deal Store*







Tel.: 325-3515

**FRONTIER**

**THE HOUSE OF BEAUTIFUL SAREES**

*Frontier — the First In Fashion*

## THINK OF US AS BIGGEST SAREE STORE IN CANADA


WATNO DUR (Far from the Motherland) is a literary and cultural monthly of PANJABI language — the mother tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

WATNO DUR
P.O. BOX 67681 STN. "O"
VANCOUVER, B.C.
V5W 3V2